ਦਾਨੀਏਲ ਨੂੰ ਜਿਬਰਾਏਲ ਦੀਆਂ ਹਿਦਾਇਤਾਂ

ਪ੍ਰਭੂ ਤੁਹਾਨੂੰ ਬਰਕਤ ਦਵੇ, ਭਾਈ। ਸ਼ੁਭ ਸਵੇਰ, ਦੋਸਤੋ। ਅੱਜ ਸਵੇਰੇ ਇੱਥੇ ਡੇਰੇ ਵਿੱਚ ਹੋਣ ਕਰਕੇ, ਬਹੁਤ ਗਰਮੀ ਹੈ, ਪਰ ਇੱਥੇ ਹੋਣਾ ਬਹੁਤ ਹੀ ਸ਼ਾਨਦਾਰ ਗੱਲ ਹੈ। ਬਹੁਤ ਖੁਸ਼ੀ ਹੈ ਕਿ ਅਸੀਂ ਅੱਜ ਦੀ ਇਸ ਸਭਾ ਵਿੱਚ ਸ਼ਾਮਲ ਹੋ ਸਕੇ—ਸਕੇ ਹਾਂ। ਅਤੇ ਮੈਂ ਇਹ ਐਲਾਨ ਕੀਤਾ ਸੀ ਕਿ ਹੁਣ ਮੈਂ *ਦਾਨੀਏਲ ਦੇ ਸੱਤ੍ਰ ਸਾਤੇਆਂ* ਤੇ ਇੱਕ ਅਧਿਐਨ ਕਰਾਂਗਾ। ਇਹ ਬਾਕੀ ਸੰਦੇਸ਼ ਨਾਲ ਜੁੜਿਆ ਹੋਇਆ ਹੈ, ਇਸ ਤੋਂ ਪਹਿਲਾਂ ਕਿ ਮੈਂ ਸੱਤ ਮੋਹਰਾਂ ਵੱਲ ਜਾ ਸਕਾਂ। ਜੋ ਹਨ, ਸੱਤ ਮੋਹਰਾਂ; ਸੱਤ ਬਵਾਂ; ਸੱਤ ਤੁਰ੍ਹੀਆਂ; ਤਿੰਨ ਹਾਇ; ਸੂਰਜ ਪਹਿਨੀ ਹੋਈ ਇਸਤ੍ਰੀ; ਲਾਲ ਸ਼ੈਤਾਨ ਦਾ ਕੱਢਿਆ ਜਾਣਾ; ਇੱਕ ਲੱਖ ਚੁਤਾਲੀ ਹਜ਼ਾਰ ਲੋਕਾਂ ਦਾ ਮੋਹਰਬੰਦ ਹੋਣਾ; ਸਭ ਕੁਝ ਇਸ ਸਮੇਂ ਦੌਰਾਨ ਹੀ ਹੁੰਦਾ ਹੈ। ਅਤੇ ਮੈਂ ਸੋਚਿਆ ਕਿ ਮੈਨੂੰ ਇਹ ਪਹਿਲਾਂ ਲੈਣਾ ਪਵੇਗਾ।

2 ਹੁਣ, ਗਰਮੀ ਹੈ। ਸਾਡਾ ਉਦੇਸ਼ ਨਹੀਂ ਹੈ ਕਿ ਜ਼ਿਆਦਾ ਦੇਰ ਤਕ ਰੁਕਿਆ ਜਾਵੇ, ਸਿਰਫ਼ ਜਿੰਨਾ ਚਿਰ ਹੋ ਸਕੇ। ਅਤੇ ਇਹ ਉਹ ਰੁੱਤ ਹੈ, ਆਮ ਤੌਰ ਤੇ, ਬੇ-ਮੌਸਮੀ ਸਮਾਂ ਹੈ, ਜਦੋਂ ਲੋਕ ਆਮ ਤੌਰ ਤੇ ਕਲੀਸਿਯਾ ਵਿੱਚ ਜ਼ਿਆਦਾ ਨਹੀਂ ਜਾਂਦੇ। ਅਤੇ, ਖਾਸ ਕਰਕੇ, ਅਤੇ ਉਨ੍ਹਾਂ ਸਾਰਿਆਂ ਕੋਲ ਏਅਰ-ਕੰਡੀਸ਼ਨਡ ਕਮਰੇ ਹਨ, ਅਤੇ ਵਗੈਰਾ ਵਗੈਰਾ, ਜਿੱਥੇ ਆਰਾਮਦਾਇਕ ਹੁੰਦਾ ਹੈ। ਸਾਡੀ ਇੱਛਾ ਹੈ ਕਿ ਸਾਡੇ ਕੋਲ ਉਹ ਹੁੰਦਾ, ਪਰ ਇਸ ਵੇਲੇ ਸਾਡੇ ਕੋਲ ਇਹ ਨਹੀਂ ਹੈ।

3 ਸਾਡੇ ਬਹੁਤ ਸਾਰੇ ਪੁਰਖੇ ਤੇਜ਼ ਧੁੱਪ ਵਿੱਚ ਬਾਹਰ ਬੈਠਦੇ ਸਨ। ਜਦੋਂ ਮੈਂ ਲੋਕਾਂ ਤੋਂ ਏਅਰ-ਕੰਡੀਸ਼ਨਡ ਕਮਰਾ ਨਾ ਹੋਣ ਲਈ ਮੁਆਫੀ ਮੰਗਣ ਬਾਰੇ ਸੋਚਦਾ ਹਾਂ, ਤਾਂ ਮੇਰਾ ਮਨ ਹਮੇਸ਼ਾ ਅਫਰੀਕਾ ਵੱਲ ਚਲਾ ਜਾਂਦਾ ਹੈ, ਜਿਥੇ ਲੋਕ ਤੂਫ਼ਾਨਾਂ ਵਿੱਚ ਵੀ ਪਏ ਰਹੇ ਸਨ, ਅਤੇ ਉਹ ਔਰਤਾਂ ਜਿਨ੍ਹਾਂ ਦੇ ਵਾਲ ਉਨ੍ਹਾਂ ਦੇ ਚਿਹਰੇ ਤੇ ਲਟਕ ਰਹੇ ਸਨ, ਉਹ ਉੱਥੇ ਦਿਨ ਰਾਤ ਪਏ ਰਹਿੰਦੇ ਸਨ, ਜਿੱਥੇ ਇੱਕ ਵਾਰੀ ਬਹਿ ਗਏ ਤਾਂ ਉੱਥੋਂ ਹਿਲੇ ਵੀ ਨਹੀਂ; ਨਾ ਕੁਝ ਖਾਂਦੇ, ਨਾ ਪੀਂਦੇ, ਨਾ ਹੋਰ ਕੋਈ ਚੀਜ਼, ਸਿਰਫ਼ ਏਸ ਉਮੀਦ ਵਿੱਚ ਉੱਥੇ ਹੀ ਟਿਕੇ ਰਹਿੰਦੇ ਕਿ ਪ੍ਰਭੂ ਤੋਂ ਕੋਈ ਇਕ-ਅੱਧਾ ਸ਼ਬਦ ਸੁਣਨ ਨੂੰ ਮਿਲ ਜਾਵੇ।

4 ਮੈਂ ਮੈਕਸੀਕੋ ਨੂੰ ਯਾਦ ਕਰਦਾ ਹਾਂ ਜਦੋਂ ਉੱਥੇ ਇੰਨੀ ਗਰਮੀ ਸੀ ਕਿ, ਸੱਚ ਦੱਸਾਂ ਤਾਂ, ਮੈਂ ਤਾਂ ਏਅਰ-ਕੰਡੀਸ਼ਨ ਵਾਲੇ ਕਮਰੇ ਵਿੱਚ ਬੈਠਿਆ ਹੋਇਆ ਵੀ

ਆਪਣੇ ਆਪ ਨੂੰ ਪੱਖੀ ਝੱਲਣ ਦੀ ਕੋਸ਼ਿਸ਼ ਕਰ ਰਿਹਾ ਸੀ, ਉੱਥੇ ਇੰਨੀ ਗਰਮੀ ਸੀ। ਅਤੇ ਵੇਖਿਆ ਕਿ ਲੋਕ ਉੱਥੇ ਸਵੇਰੇ ਨੌ ਵਜੇ ਤੋਂ ਆਉਣ ਲੱਗ ਪੈਂਦੇ ਸਨ, ਇੱਕ ਵੱਡੇ ਮੈਦਾਨ ਵਿੱਚ, ਜਿਥੇ ਬੈਠਣ ਲਈ, ਕੋਈ ਕੁਰਸੀ ਵੀ ਨਹੀਂ ਹੁੰਦੀ ਸੀ। ਬਿਮਾਰ ਲੋਕ, ਬਹੁਤ ਜਿਆਦਾ ਬਿਮਾਰ ਲੋਕ, ਮੌਤ ਦੇ ਨੇੜੇ, ਬਿਮਾਰ; ਕੈਂਸਰ, ਰਸੌਲੀ; ਅਤੇ ਬਿਮਾਰ ਮਾਵਾਂ, ਛੋਟੇ, ਮਰਦੇ ਹੋਏ ਬੱਚੇ ਅਤੇ ਸਭ ਕੁਝ, ਉਹ ਉਬਲਦੀ ਧੁੱਪ ਵਿੱਚ, ਜਿਥੇ ਕੋਈ ਵੀ ਛਾਂ ਨਹੀਂ ਹੁੰਦੀ ਸੀ, ਬਸ ਇੱਕ-ਦੂਜੇ ਨਾਲ ਢੋ ਲਾ ਕੇ ਖੜੇ ਰਹਿੰਦੇ, ਸਵੇਰੇ ਨੌ ਵਜੇ ਤੋਂ ਰਾਤ ਨੌ ਵਜੇ ਤੱਕ, ਸਿਰਫ਼ ਅਨੁਵਾਦਕ ਰਾਹੀਂ ਤੀਹ ਮਿੰਟਾਂ ਵਾਸਤੇ ਸੁਣਨ ਲਈ ਅਤੇ ਪ੍ਰਭੂ ਦੇ ਕੰਮਾਂ ਨੂੰ ਵੇਖਣ ਲਈ। ਉੱਥੇ ਬੈਠ ਜਾਂਦੇ ਅਤੇ ਉਡੀਕਦੇ, ਵੱਡੇ ਪੁਰਾਣੇ ਕੱਪੜੇ ਪਹਿਣ ਕੇ, ਉਹ ਉਨ੍ਹਾਂ ਨੂੰ ਸਰਦੀਆਂ ਅਤੇ ਗਰਮੀਆਂ ਵਿੱਚ ਪਹਿਣਦੇ ਹਨ। ਉਨ੍ਹਾਂ ਕੋਲ ਉਹੀ ਸਭ ਸੀ।

5 ਫਿਰ ਮੈਂ ਸੋਚਦਾ ਹਾਂ ਉਹ ਜੰਗਲਾਂ ਦੇ ਵਿਚਕਾਰ ਪਏ ਹੋਏ ਲੋਕਾਂ ਬਾਰੇ, ਕਿਵੇਂ ਉਹ ਬਿਮਾਰਾਂ ਨੂੰ ਲਿਆਉਂਦੇ, ਜੋ ਹਿਲ ਵੀ ਨਹੀਂ ਸਕਦੇ ਸਨ। ਅਤੇ ਭਾਰਤ ਵਿੱਚ, ਜਦ ਉਹ ਇੱਕ ਨੂੰ ਰੱਖਦੇ, ਫਿਰ ਦੂਜੇ ਨੂੰ ਉਸ ਦੇ ਉੱਤੇ ਰੱਖ ਦਿੰਦੇ, ਫਿਰ ਉਸ ਦੇ ਉੱਤੇ ਇੱਕ ਹੋਰ, ਇਸ ਤਰ੍ਹਾਂ, ਜਿਨ੍ਹਾਂ ਨੂੰ ਕੋੜ੍ਹ ਅਤੇ ਹੋਰ ਭਿਆਨਕ ਬਿਮਾਰੀਆਂ ਸਨ; ਜਿੱਥੇ ਉਹ ਉਹਨਾਂ ਨੂੰ ਗਲੀਆਂ ਵਿੱਚੋਂ ਘਸੀਟ ਕੇ ਲਿਆਉਂਦੇ, ਅਤੇ ਉਨ੍ਹਾਂ ਨੂੰ ਉਸ ਗਰਮ, ਤਪਦੇ, ਗਰਮ ਖੰਡੀ ਸੂਰਜ ਹੇਠ ਰੱਖ ਦਿੰਦੇ। ਤੂਫ਼ਾਨਾਂ ਵਿੱਚ, ਅਤੇ ਲਿਸ਼ਕਦੀਆਂ ਬਿਜਲੀਆਂ ਵਿੱਚ ਅਤੇ ਇਸ ਤਰ੍ਹਾਂ ਦੀਆਂ ਚੀਜਾਂ, ਉਹ ਉਸ ਸੂਰਜ ਅਤੇ ਤੂਫਾਨ ਵਿੱਚ ਵੀ ਉੱਥੇ ਹੀ ਪਏ ਰਹਿੰਦੇ, ਅਤੇ ਸਭ ਕੁਝ, ਅਤੇ ਨਾ ਹਿਲਦੇ, ਨਾ ਸ਼ਿਕਾਇਤ ਕਰਦੇ, ਬਸ...ਅਤੇ ਕੋਸ਼ਿਸ ਕਰਦੇ ਕਿ ਪਰਮੇਸ਼ੁਰ ਦਾ ਕੋਈ ਇਕ-ਅੱਧਾ ਸ਼ਬਦ ਸੁਣਨ ਨੂੰ ਮਿਲ ਜਾਵੇ, ਜੋ ਉਨ੍ਹਾਂ ਦੀ ਆਤਮਾ ਲਈ ਹੋਵੇ। ਤਾਂ ਫਿਰ ਅਸੀਂ ਅੱਜ ਸਵੇਰੇ, ਜਦ ਸਾਡੇ ਸਿਰ ਉੱਤੇ ਛੱਤ ਹੈ, ਪੱਖੇ ਚੱਲ ਰਹੇ ਹਨ, ਅਸੀਂ ਕਿਉਂ ਮਾਫੀ ਮੰਗੀਏ? ਜੇ ਅਸੀਂ ਇਸ ਬਾਰੇ ਸ਼ਿਕਾਇਤ ਕਰੀਏ ਤਾਂ ਸਾਨੂੰ ਸ਼ਰਮ ਆਉਣੀ ਚਾਹੀਦੀ ਹੈ।

6 ਤਾਂ ਮੈਨੂੰ ਯਾਦ ਹੈ ਜਿਆਦਾ ਸਮਾਂ ਨਹੀਂ ਹੋਇਆ, ਇੱਕ ਟਾਪੂ ਤੇ, ਦੱਖਣੀ ਸਮੁੰਦਰ ਵਿੱਚ ਇੱਕ ਟਾਪੂ ਤੇ, ਮੈਂ ਉਸ ਰਾਤ ਉੱਥੇ ਇੱਕ ਸਭਾ ਲੈ ਰਿਹਾ ਸੀ। ਅਤੇ, ਔਹ, ਇਹ ਇੱਕ ਤੂਫਾਨ ਆ ਗਿਆ। ਔਹ, ਮੈਂ ਕਦੇ ਐਸਾ ਤੂਫ਼ਾਨ ਨਹੀਂ ਵੇਖਿਆ ਸੀ, ਇੱਕ ਬਿਜਲੀ ਦੀ ਕੜਕ ਤਾਂ ਦੂਜੀ ਦੇ ਪਿੱਛੇ ਆਉਂਦੀ ਸੀ, ਸਾਰੀ ਧਰਤੀ ਚਮਕ ਉਠਦੀ। ਹਵਾਵਾਂ ਇੰਝ ਵਗ ਰਹੀਆਂ ਸਨ ਕਿ ਦਰੱਖ਼ਤ ਲਗਭਗ ਜ਼ਮੀਨ ਨਾਲ ਲੱਗੇ ਹੋਏ ਸਨ। ਮੈਂ ਕਿਹਾ, "ਅੱਛਾ, ਉਹ...ਮੈਨੂੰ ਵੀ ਆਪਣਾ ਕੋਟ ਉਤਾਰ ਹੀ ਲੈਣਾ ਚਾਹੀਦਾ ਹੈ, ਕਿਉਂਕਿ ਉੱਥੇ ਕੋਈ ਨਹੀਂ ਆਵੇਗਾ।"

7 ਕੁਝ ਪਲਾਂ ਬਾਅਦ ਇੱਕ ਛੋਟੀ ਜਿਹੀ ਕਾਰ ਦਰਵਾਜ਼ੇ ਅੱਗੇ ਆ ਕੇ ਰੁਕੀ, ਤੇ ਕਿਸੇ ਨੇ ਦਰਵਾਜ਼ਾ ਖੜਕਾਇਆ, ਉਹ ਜਾਣ ਲਈ ਤਿਆਰ ਸਨ।

ਅਤੇ ਮੈਂ ਉਸ ਲੜਕੇ ਨੂੰ ਕਿਹਾ, ਉਹ ਅੰਗਰੇਜ਼ੀ ਬੋਲ ਸਕਦਾ ਸੀ, ਮੈਂ ਕਿਹਾ, "ਕੀ ਉੱਥੇ ਕੋਈ ਆਇਆ ਹੈ?"

ਉਸ ਨੇ ਕਿਹਾ, "ਤੁਸੀਂ ਉਸ ਥਾਂ ਦੇ ਨੇੜੇ ਵੀ ਨਹੀਂ ਜਾ ਸਕਦੇ," ਉਹ ਇਕ ਵੱਡਾ ਬੇਸਬਾਲ ਮੈਦਾਨ ਸੀ।

ਮੈਂ ਕਿਹਾ, "ਤੇਰੇ ਕਹਿਣ ਦਾ ਮਤਲਬ ਕਿ ਲੋਕ ਇਸ ਤਰਾਂ ਦੇ ਹਾਲਾਤ ਵਿੱਚ ਵੀ ਉੱਥੇ ਖੜੇ ਹਨ," ਮੈਂ ਕਿਹਾ, "ਇਸ ਤੂਫ਼ਾਨ ਦੇ ਬਾਵਜੂਦ ਵੀ?"

ਉਨ੍ਹਾਂ ਕਿਹਾ, "ਉਹ ਪਰਮੇਸ਼ੁਰ ਬਾਰੇ ਸੁਣਨਾ ਚਾਹੁੰਦੇ ਹਨ।"

8 ਅਤੇ—ਅਤੇ ਇਸ ਲਈ ਮੈਂ ਓਥੇ ਚਲਾ ਗਿਆ। ਅਤੇ ਉੱਥੇ ਔਰਤਾਂ, ਜਵਾਨ ਕੁੜੀਆਂ, ਕਿਸ਼ੋਰੀਆਂ ਸਨ, ਜੋ ਚਿਊਇੰਗਮ ਚੱਬਦੀਆਂ ਹੋਈਆਂ, ਹਿੜ-ਹਿੜ ਨਹੀਂ ਕਰ ਰਹੀਆਂ ਸਨ ਅਤੇ ਨਾ ਹੀ ਹੱਸ ਰਹੀਆਂ ਸਨ, ਅਤੇ ਨਾ ਹੀ ਆਪਣੇ ਲੜਕੇ ਦੋਸਤ ਬਾਰੇ ਗੱਲਾਂ ਕਰਦੀਆਂ ਸਨ। ਉਹ ਹਰ ਇਕ ਸ਼ਬਦ ਨੂੰ, ਧਿਆਨ ਨਾਲ ਸੁਣ ਰਹੀਆਂ ਸਨ, ਉਨ੍ਹਾਂ ਨੂੰ ਪਕੜ ਰਹੀਆਂ ਸਨ; ਅਤੇ ਬਿਲਕੁਲ ਹਿਲੇ ਬਿਨਾਂ ਬਸ ਬੈਠ ਕੇ ਸੁਣਦੀਆਂ ਸਨ। ਜਦੋਂ ਮੈਂ ਵੇਦੀ ਦੀ ਪੁਕਾਰ ਕੀਤੀ, ਬਸ ਇੱਕ ਵੇਦੀ ਦੀ ਪੁਕਾਰ, ਹਜ਼ਾਰਾਂ ਖੜ੍ਹੇ ਹੋ ਗਏ, ਇਸ ਤਰ੍ਹਾਂ ਆਪਣੀਆਂ ਅੱਖਾਂ ਵਿਚੋਂ ਚੋਂਦੇ ਹੋਏ ਹੰਝੂ ਲੈ ਕੇ, ਆਪਣੇ ਹੱਥ ਪਰਮੇਸ਼ੁਰ ਵੱਲ ਚੁੱਕ ਕੇ, ਆਪਣੀ ਰੂਹ ਲਈ ਰਹਿਮ ਮੰਗ ਰਹੇ ਸਨ, ਉਹ ਸਤਾਰਾਂ-ਅਠਾਰਾਂ ਸਾਲ ਦੇ ਨੌਜਵਾਨ, ਮੁੰਡੇ ਤੇ ਕੁੜੀਆਂ। ਹੁਣ ਤਾਂ ਬਜੁਰਗ ਲੋਕਾਂ ਨੂੰ ਵੀ ਆਪਣੀ ਗੱਲ ਸੁਣਾਉਣੀ ਔਖੀ ਹੋ ਗਈ ਹੈ, ਤੁਸੀਂ ਸਮਝੇ। ਇਹ—ਇਹ ਦਿਖਾਉਂਦਾ ਹੈ ਕਿ ਸਾਡੇ ਕੋਲ ਸ਼ਿਕਾਇਤ ਕਰਨ ਲਈ ਕੁਝ ਵੀ ਨਹੀਂ ਹੈ। ਪਰਮੇਸ਼ੁਰ ਦਾ ਧੰਨਵਾਦ ਹੋਵੇ! ਹਾਂ, ਸ਼੍ਰੀ ਮਾਨ।

9 ਅਸੀਂ ਚਾਹੁੰਦੇ ਹਾਂ ਕਿ ਇਹ ਸਭ ਕੁਝ ਬਾਕੀ ਅਮਰੀਕਾ ਵਾਂਗ ਆਧੁਨਿਕ ਹੋਵੇ, ਪਰ ਅਸੀਂ ਇਸਨੂੰ ਇਸ ਤਰ੍ਹਾਂ ਨਹੀਂ ਬਣਾਇਆ; ਇਸ ਲਈ ਜੋ ਸਾਡੇ ਕੋਲ ਹੈ ਅਸੀਂ ਉਸ ਨਾਲ ਹੀ ਗੁਜਾਰਾ ਕਰਾਂਗੇ।

10 ਹੁਣ, ਮੇਰੇ ਕੋਲ ਇੱਕ ਛੋਟੀ ਜਿਹੀ ਗੱਲ ਹੈ ਜੋ ਮੈਂ ਨੋਟ ਕੀਤੀ ਹੈ ਜਿਸ ਨੂੰ ਮੈਂ ਇੱਥੇ ਡੇਰੇ ਵਿੱਚ ਦੁਬਾਰਾ ਕਰਨਾ ਚਾਹੁੰਦਾ ਹਾਂ। ਕਿੰਨੇ ਲੋਕਾਂ ਕੋਲ ਬਾਈਬਲਾਂ ਹਨ? ਆਪਣੇ ਹੱਥ ਉੱਪਰ ਕਰੋ। ਵਧੀਆ। ਇਸ ਤੋਂ ਪਹਿਲਾਂ ਕਿ ਅਸੀਂ ਪ੍ਰਾਰਥਨਾ ਕਰੀਏ ਆਓ ਅਸੀ ਜਬੂਰ 99 ਨੂੰ ਖੋਲ੍ਹੀਏ। ਭਾਈ ਨੇਵਿਲ, ਸਾਲਾਂ ਪਹਿਲਾਂ, ਅਸੀਂ ਇਹ ਕਰਦੇ ਹੁੰਦੇ ਸੀ। ਮੈਂ ਨਹੀਂ ਜਾਣਦਾ ਕਿ...ਕੀ ਤੁਸੀਂ ਅੱਜ ਸਵੇਰੇ ਪਹਿਲਾਂ ਹੀ ਕੋਈ ਜਬੂਰ ਪੜ੍ਹ ਲਿਆ ਹੈ? [ਭਾਈ ਨੇਵਿਲ ਕਹਿੰਦੇ ਹਨ,

“ਨਹੀਂ।”—ਸੰਪਾ.] ਨਹੀਂ। ਮੈਨੂੰ ਚੰਗਾ ਲੱਗਦਾ ਹੈ, ਜਦੋਂ ਸੰਗਤ, ਕੋਈ ਜਬੂਰ ਪੜ੍ਹਦੀ ਹੈ।

11 ਅੱਜ ਸਵੇਰੇ, ਜਦੋਂ ਮੈਂ ਆਪਣੇ ਅਧਿਐਨ ਕਮਰੇ ਵਿੱਚ ਬੈਠਾ ਹੋਇਆ ਸੀ, ਇਸ ਸੰਦੇਸ਼ ਅਤੇ ਵਚਨ ਉੱਤੇ ਮਨਨ ਕਰ ਰਿਹਾ ਸੀ, ਤਾਂ ਮੈਂ ਸੋਚਿਆ, “ਤੂੰ ਜਾਣਦਾ ਹੀ ਹੈਂ, ਫਿਰ ਤੋਂ ਸਾਰਿਆਂ ਨੂੰ ਮਿਲ ਕੇ ਕੋਈ ਜਬੂਰ ਪੜ੍ਹਾਉਣਾ ਵਧੀਆ ਰਹੇਗਾ। ਮੈਨੂੰ ਇਹ ਬਹੁਤ ਚੰਗਾ ਲੱਗਦਾ ਹੈ।”

ਮੈਂ ਥੋੜ੍ਹਾ ਜਿਹਾ ਦੇਰ ਨਾਲ ਆਇਆ, ਕਿਉਂਕਿ ਚਾਇਨ ਤੋਂ ਇੱਕ ਲੰਮੀ ਦੂਰੀ ਦੀ ਟੈਲੀਫੋਨ ਕਾਲ ਮੇਰੇ ਲਈ ਆਈ ਸੀ, ਇਸੇ ਕਰਕੇ ਮੈਂ ਦੇਰ ਨਾਲ ਆਇਆ ਸੀ।

12 ਅਤੇ ਹੁਣ, ਜਦੋਂ ਅਸੀਂ ਇਸ ਜ਼ਬੂਰ ਵੱਲ ਮੁੜ ਰਹੇ ਹਾਂ, ਮੇਰੇ ਕੋਲ ਕੁਝ ਐਲਾਨ ਹਨ ਜੋ ਮੈਂ ਕਰਨੇ ਹਨ, ਜੋ ਬਸ ਮੈਨੂੰ ਦਿੱਤੇ ਗਏ ਸਨ। ਇਹ ਜ਼ਬੂਰ 99 ਹੈ।

13 “ਹੁਣ ਤੋਂ ਬਾਅਦ, ਡੇਰੇ ਵਿੱਚ ਸਭਾਵਾਂ ਸਬੰਧੀ ਸਾਰੇ ਐਲਾਨ, ਅਤੇ ਮੁੰਹਿਮਾਂ ਸਬੰਧੀ ਐਲਾਨ, ਸਿੱਧੇ ਜੈਫਰਸਨਵਿਲ ਦੇ ਦਫ਼ਤਰ ਤੋਂ ਆਇਆ ਕਰਣਗੇ। ਜੇ ਕਿਸੇ ਵੀ ਵਿਅਕਤੀ ਨੂੰ ਸਭਾਵਾਂ ਬਾਰੇ ਜਾਣਕਾਰੀ ਲੈਣੀ ਹੋਵੇ, ਤਾਂ ਉਹ ਆਪਣਾ ਨਾਮ ਤੇ ਪਤਾ ਲਿਖ ਕੇ, ਅੱਜ ਰਾਤ ਦੀ ਸਭਾ ਦੇ ਅੰਤ ਤੇ ਪ੍ਰਚਾਰ ਮੰਚ ਤੇ ਰੱਖ ਦੇਵੇ। ਸਭਾਵਾਂ ਵਿੱਚ ਸ਼ਾਮਲ ਹੋਣ ਦੇ ਲਈ ਪ੍ਰਬੰਧ ਕਰਨ ਲਈ ਤੁਹਾਨੂੰ ਸਮੇਂ ਸਿਰ ਇੱਕ ਨੋਟਿਸ ਭੇਜਿਆ ਜਾਵੇਗਾ।”

ਇਸ ਲਈ, ਜੇ ਕਿਸੇ ਨੂੰ ਭਵਿੱਖ ਵਿੱਚ ਜਾਣਨਾ ਹੋਵੇ ਕਿ ਅਸੀਂ ਸਭਾਵਾਂ ਕਿੱਥੇ ਰੱਖਣ ਵਾਲੇ ਹਾਂ, ਸਾਡੇ ਦਫ਼ਤਰ ਵਿੱਚ ਹੁਣ ਇੱਕ ਪ੍ਰਬੰਧ ਸਥਾਪਤ ਕੀਤਾ ਗਿਆ ਹੈ, ਜਿੱਥੇ ਤੁਸੀਂ ਬਸ ਆਪਣਾ ਨਾਮ ਅਤੇ ਪਤਾ ਦੇ ਸਕਦੇ ਹੋ। ਅਸੀਂ ਤੁਹਾਨੂੰ ਸਮੇਂ ਤੋਂ ਪਹਿਲਾਂ ਹੀ, ਕਾਰਡ ਭੇਜ ਦਿਆ ਕਰਾਂਗੇ, ਤਾਂ ਜੋ ਤੁਸੀਂ ਜਾਣ ਸਕੋ ਕਿ ਸਭਾਵਾਂ ਕਿੱਥੇ ਹੋਣ ਜਾ ਰਹੀਆਂ ਹਨ, ਅਤੇ ਸੰਭਾਵਤ ਤੌਰ ਤੇ ਵਿਸ਼ੇ, ਅਤੇ ਉਸ ਵਿੱਚ ਕੀ-ਕੀ ਹੈ, ਜੇ ਕਰ ਤੁਹਾਨੂੰ ਮੌਕਾ ਮਿਲ ਸਕੇ। ਤੁਸੀਂ ਦੇਖੋ, ਜੇ ਤੁਹਾਡੇ ਕੋਲ ਕੋਈ ਅਧਿਕਾਰਤ ਜਗ੍ਹਾ ਨਹੀਂ ਹੈ ਜਿੱਥੋਂ ਇਹ ਆਵੇ, ਇੱਕ *ਇਹ* ਕਹਿੰਦਾ ਹੈ ਅਤੇ ਇੱਕ *ਉਹ* ਕਹਿੰਦਾ ਹੈ, ਇਸ ਤਰ੍ਹਾਂ ਤੁਹਾਨੂੰ—ਤੁਹਾਨੂੰ ਪਤਾ ਨਹੀਂ ਲੱਗਦਾ, ਤੁਸੀਂ ਸਮਝੇ। ਤਾਂ ਬੱਸ...ਆਪਣਾ ਨਾਮ ਅਤੇ ਪਤਾ ਲਿਖ ਕੇ ਇੱਥੇ ਰੱਖ ਦਿਓ, ਅਤੇ ਬਿਲੀ ਪੌਲ ਇਸਨੂੰ ਚੁੱਕ ਲਵੇਗਾ ਅਤੇ ਉੱਥੇ ਦੇ ਦੇਵੇਗਾ।

14 ਹੁਣ, ਇਹ ਵੀ ਪੁੱਛਿਆ ਗਿਆ ਸੀ ਕਿ ਕੀ ਕੋਈ ਹੋਰ...“ਭਾਈ ਬ੍ਰਨਹਾਮ, ਕੀ ਤੁਸੀਂ ਇਸ ਡੇਰੇ ਵਿੱਚ ਹੋਰ ਚੰਗਾਈ ਸਭਾਵਾਂ ਕਰੋਗੇ, ਜਿਸ ਵਿੱਚ ਦਿਲਾਂ

ਦੇ ਭੇਤ ਵੀ ਬੁੱਝੇ ਜਾਣਗੇ?" ਨਹੀਂ। ਨਹੀਂ। ਦਿਲਾਂ ਦੇ ਭੇਤਾਂ ਬਾਰੇ ਜਾਣਕਾਰੀ ਸਾਡੇ ਦੂਸਰੇ ਬੋਰਡ ਦੁਆਰਾ—ਦੁਆਰਾ ਦਿੱਤੀ ਜਾਵੇਗੀ। ਹੁਣ ਸਾਡੇ ਕੋਲ ਇੱਥੇ ਭਾਈ ਨੇਵਿਲ ਹੈ ਜਿਸ ਦੇ ਕੋਲ ਭਵਿੱਖਬਾਣੀ ਦਾ ਦਾਨ ਹੈ, ਜੋ ਬਿਮਾਰਾਂ ਬਾਰੇ ਭਵਿੱਖਬਾਣੀ ਕਰਦਾ ਹੈ ਅਤੇ ਉਨ੍ਹਾਂ ਨੂੰ ਉਹ ਗੱਲਾਂ ਦੱਸਦਾ ਹੈ ਜੋ ਉਨ੍ਹਾਂ ਨੂੰ ਜਾਣਨ ਦੀ ਲੋੜ ਹੁੰਦੀ ਹੈ। ਅਤੇ ਸਾਡਾ ਇੱਕ ਭਾਈ ਹੈ ਜਿਸਦਾ ਨਾਮ ਹਿਗ ਹੈ-...ਹਿਗਿਨਬੋਥਮ, ਇੱਕ...ਇੱਕ ਟਰੱਸਟੀ ਸੀ, ਬੋਰਡ ਵਿੱਚ ਵਫ਼ਾਦਾਰੀ ਨਾਲ ਸੇਵਾ ਕੀਤੀ ਸੀ। ਮੈਂ ਅੱਜ ਸਵੇਰੇ ਉਸਨੂੰ ਨਹੀਂ ਦੇਖ ਰਿਹਾ, ਪਰ ਉਸਨੂੰ ਆਮ ਤੌਰ ਤੇ ਪਰਾਈਆਂ ਬੋਲੀਆਂ ਬੋਲਣ ਦੀ ਦਾਤ ਹੁੰਦੀ ਹੈ। ਅਤੇ ਇੱਕ ਛੋਟੀ ਔਰਤ ਜਿਸਦਾ ਨਾਮ ਅਰਗਨਬ੍ਰਾਈਟ ਹੈ, ਇੱਕ ਪਿਆਰੀ ਛੋਟੀ ਭੈਣ ਜਿਸ ਕੋਲ ਪਰਾਈਆਂ ਬੋਲੀਆਂ ਦਾ ਤਰਜਮਾ ਕਰਨ ਦਾ ਦਾਨ ਹੈ।

15 ਅਤੇ ਇਹ ਸਾਬਤ ਹੋ ਰਿਹਾ ਹੈ ਕਿ ਇਹ ਸੰਦੇਸ਼ ਪਰਮੇਸ਼ੁਰ ਵੱਲੋਂ ਹਨ, ਕਿਉਂਕਿ ਅਸਲ ਵਿੱਚ ਉਹ ਵਿਵਸਥਾ ਤੋਂ ਬਾਹਰ ਨਹੀਂ ਆ ਰਹੇ ਹਨ, ਪਰ ਉਹ ਵਿਵਸਥਾ ਵਿੱਚ ਰੱਖੇ ਗਏ ਹਨ। ਅਤੇ ਜਿਵੇਂ ਹੀ ਇਹ ਦਾਨ ਇਕੱਠੇ ਹੋਣੇ ਸ਼ੁਰੂ ਹੁੰਦੇ ਹਨ, ਅਸੀਂ ਕੋਸ਼ਿਸ ਕਰਾਂਗੇ ਕਿ—ਕਿ...ਕਿ ਇਸ ਨੂੰ ਵਾਪਸ ਕਲੀਸਿਯਾ ਵਿੱਚ ਰੱਖੀਏ, ਜੋ ਇਸ ਨੂੰ ਕਰਨ ਦਾ ਤਰੀਕਾ ਹੈ। ਅਤੇ ਮੈਂ ਉਨ੍ਹਾਂ ਨੂੰ ਬਹੁਤ ਜਲਦੀ ਹੀ ਮਿਲਾਂਗਾ, ਅਤੇ ਤਾਂ ਜੋ ਉਹ ਸਭਾਵਾਂ ਬਿਲਕੁਲ ਸਹੀ ਢੰਗ ਨਾਲ ਚਲਾਈਆਂ ਜਾ ਸਕਣ ਪਰਮੇਸ਼ੁਰ ਦੀ ਵਿਵਸਥਾ ਅਨੁਸਾਰ, ਜਿੰਨੀ ਵੀ ਸਿੱਧਤਾ ਨਾਲ ਅਸੀਂ ਇਸ ਨੂੰ ਕਰ ਸਕਦੇ ਹਾਂ।

16 ਪਰ ਇਹ ਪਿਆਰੇ ਲੋਕ, ਮੇਰੀ ਗੁਆਂਢਣ ਸ਼੍ਰੀਮਤਿ ਵੁੱਡ ਦੇ ਅਨੁਸਾਰ, ਜਿਸ ਨੇ ਇੱਥੇ ਮਾਈਕ੍ਰੋਫ਼ੋਨ ਲਗਾਇਆ ਹੋਇਆ ਹੈ, ਅਤੇ ਪਿੱਛੇ ਟੇਪ ਰਿਕਾਰਡਰ ਰਖਿਆ ਹੋਇਆ ਹੈ, ਜੋ ਸਿਰਫ਼ ਇਸ ਮਕਸਦ ਲਈ ਟੇਪ ਕਰ ਰਹੀ ਹੈ ਕਿ ਸੰਦੇਸ਼ਾਂ ਨੂੰ ਲਿਖ ਸਕੇ, ਅਤੇ ਵੇਖ ਸਕੇ ਕਿ ਕੀ ਇਹ ਗੱਲਾਂ ਠੀਕ ਹਨ ਜਾਂ ਨਹੀਂ। ਸਮਝੇ? ਉਹ ਇੰਝ ਉਨ੍ਹਾਂ ਦੀ ਜਾਂਚ ਕਰ ਰਹੀ ਹੈ। ਮੈਂ ਜਾਣਦਾ ਹਾਂ ਕਿ ਸ਼੍ਰੀ ਮਤਿ ਵੁੱਡ ਇਕ ਇਮਾਨਦਾਰ ਔਰਤ ਹੈ। ਅਤੇ ਉਹ ਮੈਨੂੰ ਕਈ ਗੱਲਾਂ ਬਾਰੇ ਦੱਸ ਰਹੀ ਹੈ ਜੋ ਪਹਿਲਾਂ ਕਹੀ ਗਈਆਂ ਸਨ, ਤੇ ਹੁਣ ਪੂਰੀਆਂ ਹੋ ਰਹੀਆਂ ਹਨ।

17 ਹੁਣ, ਅਸੀਂ ਇਸ ਲਈ ਸ਼ੁਕਰਗੁਜਾਰ ਹਾਂ। ਘਰ ਵਿੱਚ ਇਹ ਮੇਰੇ ਲਈ ਕਿੰਨੀ ਰਾਹਤ ਵਾਲੀ ਗੱਲ ਹੈ! ਜਦੋਂ ਮੈਂ ਘਰ ਵਿੱਚ ਹੁੰਦਾ ਹਾਂ, ਤਾਂ...ਉਹ ਦਿਲਾਂ ਦੇ ਭੇਤ ਬੁੱਝਣਾ ਜੋ ਭਵਿੱਖਬਾਣੀ ਦੇ ਨਾਲ ਹੁੰਦਾ ਹੈ ਉਹ ਬਸ ਮੈਨੂੰ ਤੋੜ ਕੇ ਰੱਖ ਦਿੰਦਾ ਹੈ, ਅਤੇ, ਇਸ ਲਈ ਪਰਮੇਸ਼ੁਰ ਨੇ ਮੈਨੂੰ ਉਸ ਤੋਂ ਰਾਹਤ ਦਿੱਤੀ ਹੈ, ਭਵਿੱਖਬਾਣੀ ਰਾਹੀਂ, ਅਤੇ ਪਰਾਈਆਂ ਬੋਲੀਆਂ ਬੋਲਣ ਰਾਹੀਂ, ਅਤੇ ਤਰਜਮੇ

ਰਾਹੀਂ, ਜੋ ਕਿ ਭਵਿੱਖਬਾਣੀ ਹੈ। ਜੋ ਕਿ, ਭਵਿੱਖਬਾਣੀ ਹੈ, ਪਰਾਈਆਂ ਬੋਲੀਆਂ ਵਿੱਚ ਬੋਲਣਾ। ਉੱਥੇ ਦੋ ਵੱਖ-ਵੱਖ ਲੋਕ ਭਵਿੱਖਬਾਣੀ ਕਰ ਰਹੇ ਹੁੰਦੇ ਹਨ। ਇੱਕ ਦਾ ਬੋਲਣਾ, ਦੂਜੇ ਦਾ ਸਮਝਣਾ ਕਿ ਉਹ ਅਣਜਾਣ ਭਾਸ਼ਾਵਾਂ ਵਿੱਚ ਕੀ ਕਹਿ ਰਿਹਾ ਹੈ, ਇਹ ਬਿਲਕੁਲ ਭਵਿੱਖਬਾਣੀ ਹੈ। ਅਤੇ ਹੁਣ ਅਸੀਂ...ਸਾਡੇ ਕੋਲ ਇਹ ਹਰ ਰੋਜ਼ ਹੁੰਦਾ ਹੈ, ਇੱਥੇ ਹਰ ਸਭਾ ਵਿੱਚ ਜਦੋਂ ਅਸੀਂ ਪ੍ਰਾਰਥਨਾ ਦੀਆਂ ਕਤਾਰਾਂ ਲਗਾਉਂਦੇ ਹਾਂ।

18 ਹੁਣ, ਉੱਥੇ ਕੋਈ ਪੁੱਛ ਸਕਦਾ ਹੈ, ਕੀ...ਦਾਨ ਦੇ ਬਾਰੇ। ਹਾਂ, ਮੇਰੇ ਕੋਲ ਅਜੇ ਵੀ ਉਹ ਦਾਨ ਹੈ। ਪਰ ਹੁਣ ਮੈਂ ਉਸਨੂੰ ਸਿਰਫ਼ ਨਿੱਜੀ ਇੰਟਰਵਿਊ ਵਿੱਚ ਹੀ ਵਰਤਦਾ ਹਾਂ, ਜੋ ਮੇਰੇ ਕੋਲ ਹੈ। ਜੇਕਰ ਤੁਸੀਂ ਇੰਟਰਵਿਊ ਲੈਣਾ ਚਾਹੁੰਦੇ ਹੋ, ਤਾਂ ਪਿੱਛੇ ਬੁਲਟਿਨ ਬੋਰਡ ਉੱਤੇ ਇਸ ਬਾਰੇ ਜਾਣਕਾਰੀ ਲੱਗੀ ਹੋਈ ਹੈ, ਤਾਂ ਜੋ ਤੁਸੀਂ ਇਜਾਜ਼ਤ ਲੈ ਸਕੋ ਅਤੇ ਆਪਣਾ ਸਮਾਂ ਨਿਸ਼ਚਿਤ ਕਰ ਸਕੋ, ਇਹ ਕੰਮ ਬਿਲੀ ਪੌਲ ਕਰੇਗਾ, ਜੋ ਮੇਰਾ ਲੜਕਾ ਹੈ, ਇਹ ਇੱਥੇ ਜਾਂ ਇਸ ਤੋਂ ਬਾਅਦ ਦੀਆਂ ਸਭਾਵਾਂ ਵਿੱਚ ਵੀ ਹੋ ਸਕਦਾ ਹੈ। ਬਾਹਰ ਮੈਦਾਨੀ ਸੇਵਾਵਾਂ ਵਿੱਚ, ਕਿਤੇ ਵੀ, ਤੁਹਾਡੇ ਕੋਲ ਬਿਲੀ ਪੌਲ ਵੱਲੋਂ ਦਿੱਤਾ ਗਿਆ ਇੱਕ ਛੋਟਾ ਜਿਹਾ ਕਾਰਡ ਹੋਣਾ ਚਾਹੀਦਾ ਹੈ। ਜੇ ਤੁਹਾਡੀ ਜ਼ਿੰਦਗੀ ਵਿੱਚ ਕੋਈ ਅਜਿਹੀ ਗੱਲ ਹੈ ਜੋ ਤੁਸੀਂ ਸਮਝ ਨਹੀਂ ਪਾ ਰਹੇ, ਅਤੇ ਨਹੀਂ ਜਾਣਦੇ ਕਿ ਇਸ ਵਿੱਚੋਂ ਕਿਵੇਂ ਨਿਕਲਣਾ ਹੈ, ਅਤੇ ਤੁਸੀਂ ਪ੍ਰਭੂ ਦੀ ਸਮਝ ਦੀ ਭਾਲ ਕਰ ਰਹੇ ਹੋ, ਤਾਂ...ਬਿਲੀ ਪੌਲ ਨੂੰ ਮਿਲੋ, ਜੋ ਮੇਰਾ ਪੁੱਤਰ ਹੈ, ਜੋ ਸਹਾਇਕ ਵੀ ਹੈ, ਅਤੇ ਉਹ ਤੁਹਾਨੂੰ ਇੱਕ ਛੋਟਾ ਕਾਰਡ ਦੇਵੇਗਾ ਅਤੇ ਤੁਹਾਡੇ ਲਈ ਇੱਕ ਤਾਰੀਖ, ਇੱਕ ਸਮਾਂ ਤੈਅ ਕਰੇਗਾ।

ਫਿਰ ਜਦੋਂ ਅਸੀਂ ਉਹ ਇੰਟਰਵਿਊ ਰੱਖਦੇ ਹਾਂ, ਤਾਂ ਅਸੀਂ ਇਕੱਠੇ ਅੰਦਰ ਜਾਵਾਂਗੇ, ਸਿਰਫ਼ ਤੁਸੀਂ ਅਤੇ ਮੈਂ। ਜੇ ਕੋਈ ਔਰਤ ਆਉਂਦੀ ਹੈ, ਤਾਂ ਉਹ ਮੇਰੇ ਅਤੇ ਮੇਰੀ ਪਤਨੀ ਦੇ ਨਾਲ ਅੰਦਰ ਜਾਵੇਗੀ। ਅਤੇ ਫਿਰ ਤੁਸੀਂ...ਅਸੀਂ ਪਤਾ ਲੱਗਾਵਾਂਗੇ, ਪਰਮੇਸ਼ੁਰ ਨੂੰ ਭਾਲਾਂਗੇ ਅਤੇ ਉਸ ਤੋਂ ਪੁੱਛਾਂਗੇ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ।

19 ਹੁਣ, ਹੋਰ, ਛੋਟੇ-ਮੋਟੇ ਮਾਮਲੇ ਅਤੇ ਇਸ ਤਰ੍ਹਾਂ ਦੇ ਹੋਰ ਮਾਮਲੇ, ਭਾਈ ਨੇਵਿਲ ਅਤੇ ਭਾਈ ਹਿਗਿਨਬੋਥਮ ਨੂੰ ਸੌਂਪੇ ਗਏ ਹਨ, ਅਤੇ ਭੈਣ ਆਰਗਨਬ੍ਰਾਈਟ, ਅਤੇ ਹੋਰ ਜੋ ਪਰਾਈਆਂ ਬੋਲੀਆਂ ਬੋਲਦੇ ਹਨ ਅਤੇ ਵਿਆਖਿਆ ਕਰਦੇ ਹਨ, ਜੋ ਇੱਥੇ ਕਲੀਸਿਯਾ ਵਿੱਚ ਹਨ।

20 ਇਸ ਲਈ, ਅਸੀਂ ਇਕ ਯਾਤਰਾ ਤੇ ਹਾਂ। ਮੇਰਾ ਮੰਨਣਾ ਹੈ ਕਿ ਇਹ ਯਿਥਰੋ ਸੀ, ਜਿਸ ਨੇ ਇੱਕ ਦਿਨ ਮੂਸਾ ਨੂੰ ਕਿਹਾ, ਵੇਖ, "ਆਓ ਕੁਝ ਬੁਜ਼ੁਰਗ ਚੁਣੀਏ।" "ਅਤੇ ਪਰਮੇਸ਼ੁਰ ਦਾ ਆਤਮਾ ਮੂਸਾ ਉੱਤੋਂ ਉਤਾਰਿਆ ਗਿਆ ਅਤੇ ਸੱਤਰ

ਬੁਜ਼ੁਰਗਾਂ ਉੱਤੇ ਪਾਇਆ ਗਿਆ, ਅਤੇ ਉਨ੍ਹਾਂ ਨੇ ਭਵਿੱਖਬਾਣੀ ਕੀਤੀ। ਪਰ ਜਿਹੜੀਆਂ ਵੱਡੀਆਂ ਅਤੇ ਔਖੀਆਂ ਗੱਲਾਂ ਸਨ ਉਹ ਸਿਰਫ਼ ਮੂਸਾ ਦੇ ਕੋਲ ਹੀ ਆਉਂਦੀਆਂ ਸਨ।" ਹੁਣ ਅਸੀਂ ਮੂਸਾ ਨਹੀਂ ਹਾਂ, ਨਾ ਹੀ ਇਹ ਬੁਜ਼ੁਰਗ ਹਨ, ਪਰ ਅਸੀਂ ਅਜੇ ਵੀ ਉਸੇ ਯਹੋਵਾਹ ਪਰਮੇਸ਼ੁਰ ਦੀ ਸੇਵਾ ਕਰ ਰਹੇ ਹਾਂ, ਉਸੇ ਅੱਗ ਦੇ ਥੰਮ੍ਹ ਨਾਲ ਜੋ ਸਾਨੂੰ ਵਾਅਦਾ ਕੀਤੀ ਹੋਈ ਧਰਤੀ ਵੱਲ ਲੈ ਜਾਂਦਾ ਹੈ।

ਤਾਂ, ਫਿਰ, ਹਾਂ, ਹੋਰ ਸਭਾਵਾਂ ਵੀ ਹੋਣਗੀਆਂ, ਅਤੇ ਉੱਥੇ ਤਰਜਮੇ…ਦਿਲਾਂ ਦੇ ਭੇਤ ਵੀ ਜਾਣੇ ਜਾਣਗੇ। ਇਸ ਨਾਲ ਮੈਨੂੰ ਇਹ ਮੌਕਾ ਮਿਲ ਜਾਏਗਾ ਕਿ ਮੈਂ ਪ੍ਰਾਰਥਨਾ ਅਤੇ ਅਧਿਐਨ ਵਿੱਚ ਜਾ ਸਕਾਂ, ਉਨ੍ਹਾਂ ਦਿਨਾਂ ਬਾਰੇ ਜਿਨ੍ਹਾਂ ਵਿੱਚ ਇੰਟਰਵਿਊ ਹੋਣੇ ਹਨ, ਅਤੇ ਉਨ੍ਹਾਂ ਲਈ ਤਿਆਰ ਰਹਾਂ।

21 ਹੁਣ ਯਾਦ ਰੱਖੋ, ਬਿਲੀ ਪੌਲ ਬ੍ਰੂਨਹਾਮ, ਜੋ ਸਾਡਾ ਮੈਦਾਨੀ ਸਕੱਤਰ ਹੈ, ਉਹ…ਇਹ…ਸਾਰੀ ਜਾਣਕਾਰੀ ਪਿੱਛੇ ਬੁਲਟਿਨ ਬੋਰਡ ਤੇ ਲੱਗੀ ਹੋਈ ਹੈ, ਜੋ ਟਰੱਸਟੀਆਂ ਵੱਲੋਂ ਲਗਾਈ ਗਈ ਹੈ। ਮੇਰੇ ਕੋਲ ਇੱਕ ਨੋਟ ਹੈ ਜੋ ਮੈਨੂੰ ਇਹ ਐਲਾਨ ਕਰਨ ਲਈ ਦਿੱਤਾ ਗਿਆ ਸੀ, ਤਾਂ ਕਿ ਲੋਕ ਜਦੋਂ ਬਾਹਰ ਜਾਣ, ਤਾਂ ਉਹ ਇਸਨੂੰ ਬੁਲਟਿਨ ਬੋਰਡ ਤੋਂ ਪੜ੍ਹ ਲੈਣ।

22 ਹੁਣ, ਹੁਣ, ਅੱਜ ਸਵੇਰੇ ਸਾਡੇ ਕੋਲ ਇੱਕ ਮਹਾਨ ਵਿਸ਼ਾ ਹੈ, ਅਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਅੱਜ ਰਾਤ ਇਸਨੂੰ ਜਾਰੀ ਰੱਖੀਏ। ਅਤੇ, ਜੇ ਪ੍ਰਭੂ ਦੀ ਇੱਛਾ ਹੋਈ, ਤਾਂ ਅਗਲੇ ਐਤਵਾਰ, ਇਸ ਵਿੱਚ ਹੋਰ ਜਾਵਾਂਗੇ। ਜਦ ਤੱਕ ਮੈਂ ਇਸ ਉੱਤੇ ਅਧਿਐਨ ਕਰਨਾ ਸ਼ੁਰੂ ਨਹੀਂ ਕੀਤਾ, ਮੈਂ ਨਹੀਂ ਜਾਣਦਾ ਸੀ ਕਿ ਇਹ ਵਿਸ਼ਾ ਇੰਨਾ ਡੂੰਘਾ ਹੋ ਜਾਵੇਗਾ। ਅਤੇ ਇਹ ਅਜੇ ਵੀ, ਮੇਰੇ ਲਈ ਇੱਕ ਭੇਤ ਹੀ ਹੈ, ਇਸ ਲਈ ਮੈਂ ਪੂਰੀ ਤਰ੍ਹਾਂ ਪ੍ਰਭੂ ਉੱਤੇ ਹੀ ਨਿਰਭਰ ਹਾਂ।

23 ਹੁਣ, ਤੁਸੀਂ ਆਪਣੀਆਂ ਬਾਈਬਲਾਂ ਨਾਲ, ਆਓ ਅਸੀਂ ਜ਼ਬੂਰ 99, 99 ਵੱਲ ਮੁੜੀਏ। ਅਤੇ ਮੈਂ ਪਹਿਲੀ ਆਇਤ ਪੜ੍ਹਾਂਗਾ, ਸੰਗਤ ਦੂਜੀ ਆਇਤ ਪੜ੍ਹੇਗੀ, ਫਿਰ ਅਸੀਂ ਸਾਰੇ ਮਿਲ ਕੇ ਆਖਰੀ ਆਇਤ ਪੜ੍ਹਾਂਗੇ। ਅਸੀਂ ਅੱਗੇ ਵਧਦੇ ਹਾਂ; ਮੈਂ, ਪਹਿਲੀ; ਸੰਗਤ, ਦੂਜੀ; ਮੈਂ, ਤੀਜੀ; ਸੰਗਤ, ਚੌਥੀ; ਆਖਰੀ ਆਇਤ ਤੱਕ, ਅਤੇ ਫਿਰ ਅਸੀਂ ਸਾਰੇ ਇਕੱਠੇ ਪੜ੍ਹਾਂਗੇ। ਜਦੋਂ ਅਸੀਂ ਪਰਮੇਸ਼ੁਰ ਦਾ ਬਚਨ ਪੜ੍ਹਦੇ ਹਾਂ ਆਓ ਅਸੀਂ ਖੜੇ ਹੋਈਏ।

ਯਹੋਵਾਹ ਰਾਜ ਕਰਦਾ ਹੈ; ਲੋਕ ਕੰਬਣ: ਉਹ ਕਰੂਬੀਆਂ ਦੇ ਵਿਚਕਾਰ ਬਿਰਾਜਮਾਨ ਹੈ; ਧਰਤੀ ਡੋਲ ਉੱਠੇ।

ਯਹੋਵਾਹ ਸੀਯੋਨ ਵਿੱਚ ਮਹਾਨ ਹੈ; ਅਤੇ ਉਹ ਸਾਰਿਆਂ ਲੋਕਾਂ ਤੋਂ ਉੱਚਾ ਹੈ।

ਓਹ ਤੇਰੇ ਵੱਡੇ ਅਤੇ ਭਿਆਣਕ ਨਾਮ ਨੂੰ ਸਲਾਹੁਣ; ਕਿਉਂ ਜੋ ਇਹ ਪਵਿੱਤਰ ਹੈ।

ਪਾਤਸ਼ਾਹ ਦੀ ਸਮਰੱਥਾ ਨਿਆਉਂ ਨਾਲ ਪ੍ਰੇਮ ਰੱਖਦੀ ਹੈ; ਤੂੰ ਸਿੱਧਿਆਈ ਨੂੰ ਕਾਇਮ ਰੱਖਦਾ ਹੈ, ਤੂੰ ਹੀ ਯਾਕੂਬ ਵਿੱਚ ਨਿਆਉਂ ਅਤੇ ਧਰਮ ਕਰਦਾ ਹੈਂ।

*ਤੁਸੀਂ **ਯਹੋਵਾਹ** ਸਾਡੇ ਪਰਮੇਸ਼ੁਰ ਦੀ ਬਜ਼ੁਰਗੀ ਕਰੋ, ਅਤੇ ਉਹ ਦਿਆਂ ਚਰਨਾਂ ਦੀ ਚੌਂਕੀ ਉੱਤੇ ਮੱਥਾ ਟੇਕੋ, ਉਹ ਪਵਿੱਤਰ ਹੈ।*

*ਮੂਸਾ ਅਤੇ ਹਾਰੂਨ ਉਹ ਦੇ ਜਾਜਕਾਂ ਵਿੱਚੋਂ ਸਨ, ਅਤੇ ਸਮੂਏਲ ਉਹ ਦਾ ਨਾਮ ਲੈਣ ਵਾਲਿਆਂ ਵਿੱਚੋਂ; ਓਹ **ਯਹੋਵਾਹ** ਨੂੰ ਪੁਕਾਰਦੇ ਸਨ, ਅਤੇ ਉਹ ਨੇ ਉਨ੍ਹਾਂ ਨੂੰ ਉੱਤਰ ਦਿੱਤਾ।*

ਉਹ ਬੱਦਲ ਦੇ ਥੰਮ੍ਹ ਵਿੱਚ ਦੀ ਉਨ੍ਹਾਂ ਨਾਲ ਗੱਲਾਂ ਕਰਦਾ ਸੀ: ਉਹ ਦੀਆਂ ਸਾਖੀਆਂ ਅਤੇ ਬਿਧੀਆਂ ਨੂੰ, ਜੋ ਉਹ ਨੇ ਉਨ੍ਹਾਂ ਨੂੰ ਦਿੱਤੀਆਂ ਉਨ੍ਹਾਂ ਨੇ ਮੰਨਿਆ।

*ਹੇ **ਯਹੋਵਾਹ** ਸਾਡੇ ਪਰਮੇਸ਼ੁਰ: ਤੈਂ ਉਨ੍ਹਾਂ ਨੂੰ ਉੱਤਰ ਦਿੱਤਾ, ਤੂੰ ਉਨ੍ਹਾਂ ਦਾ ਖਿਮਾ ਕਰਨ ਵਾਲਾ ਸੀ, ਤੂੰ ਉਨ੍ਹਾਂ ਦੇ ਕੰਮਾਂ ਦਾ ਬਦਲਾ ਲੈਣ ਵਾਲਾ ਵੀ ਸੀ।*

*ਯਹੋਵਾਹ ਸਾਡੇ ਪਰਮੇਸ਼ੁਰ ਦੀ ਬਜ਼ੁਰਗੀ ਕਰੋ, ਅਤੇ ਉਹ ਦੇ ਪਵਿੱਤਰ ਪਹਾੜ ਵਿੱਚ ਉਪਾਸਨਾ ਕਰੋ, ਕਿਉਂ ਜੋ **ਯਹੋਵਾਹ** ਸਾਡਾ ਪਰਮੇਸ਼ੁਰ ਪਵਿੱਤਰ ਹੈ।*

24 ਆਓ ਆਪਣੇ ਸਿਰਾਂ ਨੂੰ ਝੁਕਾਈਏ।

ਸੱਚਮੁੱਚ, ਪ੍ਰਭੂ, ਇਹ ਸ਼ਬਦ ਤੇਰੇ ਸੇਵਕ ਦਾਊਦ ਵੱਲੋਂ ਲਿਖੇ ਅਤੇ ਕਲਮ ਕੀਤੇ ਗਏ ਸਨ, ਇੱਕ ਜਬੂਰ ਵਿੱਚ ਜੋ ਉਸ ਨੇ ਤੇਰੇ ਲਈ ਲਿਖਿਆ ਸੀ। ਤੂੰ ਕਰੂਬੀਆਂ ਵਿਚਕਾਰ ਵੱਸਦਾ ਹੈਂ। ਤੂੰ ਪਵਿੱਤਰ ਹੈਂ, ਤੇ ਤੇਰਾ ਪਹਾੜ ਵੀ ਪਵਿੱਤਰ ਹੈ। ਸਾਨੂੰ ਆਪਣੇ ਦਿਲਾਂ ਨੂੰ ਪ੍ਰਭੂ ਯਿਸੂ ਮਸੀਹ ਦੇ ਲਹੂ ਨਾਲ ਛਿੜਕੇ ਹੋਏ ਲਹੂ ਨਾਲ ਆਪਣੇ ਕੁਲ ਖਿੱਚ, ਸ਼ੁੱਧ ਅੰਤਹਕਰਨ, ਅਤੇ ਪੂਰੇ ਵਿਸ਼ਵਾਸ ਅਤੇ ਪੱਕੇ ਯਕੀਨ ਨਾਲ ਕਿ ਅਸੀਂ ਆਪਣੇ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਆ ਰਹੇ ਹਾਂ। ਹੋਣ ਦੇ ਕਿ ਅੱਜ ਸਵੇਰੇ ਇਹ ਸਾਰੀ ਸੰਗਤ ਆਦਰ ਭਾਵ ਨਾਲ ਹੋਵੇ। ਸਾਡੇ ਸਮਝ ਵਾਲੇ ਕੰਨਾਂ ਨੂੰ ਖੋਲ੍ਹ ਦੇ। ਸਾਡੇ ਰਾਹੀਂ, ਗਿਆਨ ਨਾਲ ਗੱਲ ਕਰ, ਤਾਂ ਜੋ ਅਸੀਂ ਜਾਣ ਸਕੀਏ ਕਿ ਅਸੀਂ ਇਹਨਾਂ ਦਿਨਾਂ ਵਿੱਚ ਅਤੇ ਤੇਰੀ ਹਜ਼ੂਰੀ ਵਿੱਚ ਕਿਵੇਂ ਵਰਤਾਵ ਕਰੀਏ।

25 ਅਸੀਂ ਤੁਹਾਡੇ ਤੋਂ ਮੰਗਦੇ ਹਾਂ, ਹੇ ਪਰਮੇਸ਼ੁਰ, ਕਿ ਸਾਡੇ ਤੇ ਉਹ ਭੇਤ ਪ੍ਰਗਟ
ਕਰ ਜੋ ਇਨ੍ਹਾਂ ਸਾਰੇ ਸਾਲਾਂ ਤੋਂ ਲੁਕੇ ਹੋਏ ਸਨ, ਜਦ ਅਸੀਂ ਹੁਣ ਤੇਰੇ ਬਚਨ ਦੇ
ਇੱਕ ਬਹੁਤ ਹੀ ਗੰਭੀਰ ਅਤੇ ਪਵਿੱਤਰ ਹਿੱਸੇ ਵੱਲ ਵੱਧ ਰਹੇ ਹਾਂ। ਜਦ ਤੂੰ
ਧਰਤੀ ਉੱਤੇ ਸੀ, ਤਦ ਤੂੰ ਇਸ ਬਾਰੇ ਕਿਹਾ ਸੀ, ਅਤੇ ਕਿਹਾ, “ਪੜ੍ਹਨ ਵਾਲਾ,
ਸਮਝ ਜਾਵੇ।” ਇਸ ਲਈ ਅਸੀਂ ਤੇਰੇ ਕੋਲ ਪੂਰੇ ਆਦਰ ਅਤੇ ਨਿਮਰਤਾ ਨਾਲ
ਆਏ ਹਾਂ, ਪ੍ਰਭੂ, ਤੇਰੀ ਬੁੱਧ ਦੀ ਮੰਗ ਕਰਦੇ ਹਾਂ, ਕਿਉਂਕਿ ਸਾਨੂੰ ਨਹੀਂ ਪਤਾ
ਕਿ ਕੀ ਬੋਲਣਾ ਹੈ। ਕੁਝ ਆਇਤਾਂ ਇੱਥੇ ਇਕੱਤਰ ਕੀਤੀਆਂ ਹਨ, ਪਰ ਜਵਾਬ
ਲਈ ਅਸੀਂ ਪੂਰੀ ਤਰ੍ਹਾਂ ਤੇਰੇ ਉੱਤੇ ਨਿਰਭਰ ਹਾਂ, ਕਿਸੇ ਹੋਰ ਮਕਸਦ ਲਈ
ਨਹੀਂ ਸਿਵਾਏ ਇਸ ਦੇ ਕਿ ਅਸੀਂ ਸਮਝ ਸਕੀਏ ਕਿ ਅਸੀਂ ਕਿਹੜੇ ਸਮੇਂ ਵਿੱਚ
ਜੀ ਰਹੇ ਹਾਂ, ਤਾਂ ਜੋ ਅਸੀਂ ਉਹਨਾਂ ਮਹਾਨ ਘਟਨਾਵਾਂ ਲਈ ਤਿਆਰ ਰਹੀਏ ਜੋ
ਅੱਗੇ ਆ ਰਹੀਆਂ ਹਨ। ਕੀ ਤੂੰ ਸਾਨੂੰ ਇਹ ਕਿਰਪਾ ਨਹੀਂ ਬਖ਼ਸ਼ੇਗਾ, ਪ੍ਰਭੂ?
ਉਸ ਦੇ ਨਾਮ ਵਿੱਚ ਜੋ ਸਾਨੂੰ ਇਹ ਸਿਖਾ ਗਿਆ ਕਿ ਸਾਨੂੰ ਇੰਝ ਪ੍ਰਾਰਥਨਾ
ਕਰਨੀ ਚਾਹੀਦੀ ਹੈ:

> ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ, ਤੇਰਾ ਨਾਮ
> ਪਾਕ ਮੰਨਿਆ ਜਾਵੇ।
> ਤੇਰਾ ਰਾਜ ਆਵੇ। ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ
> ਹੁੰਦੀ ਹੈ, ਜਮੀਨ ਉੱਤੇ ਵੀ ਹੋਵੇ।
> ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦੇ।
> ਅਤੇ ਸਾਡੇ ਅਪਰਾਧ ਸਾਨੂੰ ਮਾਫ਼ ਕਰ, ਜਿਵੇਂ ਅਸਾਂ ਵੀ
> ਉਨ੍ਹਾਂ ਨੂੰ ਮਾਫ਼ ਕਰਦੇ ਹਾਂ ਜੋ ਸਾਡੇ ਵਿਰੁੱਧ ਅਪਰਾਧ
> ਕਰਦੇ ਹਨ।
> ਸਾਨੂੰ ਪਰਤਾਵੇ ਵਿੱਚ ਨਾ ਪੈਣ ਦੇ, ਸਗੋਂ ਬੁਰਿਆਈ ਤੋਂ
> ਬਚਾ; ਕਿਉਂ ਜੋ ਰਾਜ, ਸ਼ਕਤੀ, ਅਤੇ ਮਹਿਮਾ, ਸਦਾ
> ਤੇਰੇ ਹੀ ਹਨ। ਆਮੀਨ।

26 ਬੈਠ ਜਾਓ। ਹੁਣ, ਜੇ ਕਿਸੇ ਵੀ ਭਾਈ ਨੇ ਆਪਣਾ ਕੋਟ ਉਤਾਰਨਾ ਹੋਵੇ, ਤਾਂ
ਬਿਲਕੁਲ ਉਤਾਰ ਸਕਦੇ ਹੋ। ਅਤੇ ਉਹ ਜਿਹੜੇ ਕੰਧਾਂ ਦੇ ਨਾਲ-ਨਾਲ ਖੜੇ ਹਨ,
ਜੇ ਤੁਹਾਡੇ ਪੈਰ ਦੁੱਖਣ ਲਗ ਜਾਣ, ਤਾਂ, ਤਾਂ ਤੁਸੀਂ ਬਾਹਰ ਜਾਣ ਲਈ ਆਜਾਦ
ਹੋ।

27 ਹੁਣ, ਮੈਂ ਸੋਚਦਾ ਹਾਂ, ਜੇ ਬੱਚੇ ਆਪਣੇ ਕਮਰਿਆਂ ਵਿੱਚ ਜਾਣਾ ਚਾਹੁੰਦੇ
ਹੋਣ, ਜਾਂ ਕੀ ਉਹਨਾਂ ਨੂੰ ਪਹਿਲਾਂ ਹੀ ਭੇਜ ਦਿੱਤਾ ਗਿਆ ਹੈ? [ਭਾਈ ਨੇਵਿਲ
ਕਹਿੰਦੇ ਹਨ, “ਨਹੀਂ, ਉਹ ਨਹੀਂ ਜਾ ਸਕਦੇ। ਅਸੀਂ ਅੱਜ ਸਵੇਰੇ ਇਹ ਨਹੀਂ

ਕਰ ਸਕਦੇ, ਭੀੜ ਦੇ ਕਾਰਨ।”—ਸੰਪਾ.] ਪਾਸਟਰ ਕਹਿੰਦੇ ਹਨ ਕਿ ਭੀੜ ਕਰਕੇ ਕਮਰੇ ਪੂਰੇ ਭਰ ਚੁੱਕੇ ਹਨ, ਇਸ ਲਈ ਅਸੀਂ ਅੱਜ ਸਵੇਰੇ ਛੋਟੇ ਬੱਚਿਆਂ ਲਈ ਸੰਡੇ ਸਕੂਲ ਨਹੀਂ ਰੱਖ ਸਕਦੇ। ਅਤੇ ਸਾਨੂੰ ਖੁਸ਼ੀ ਹੋਵੇਗੀ ਕਿ ਤੁਸੀਂ ਛੋਟੇ ਬੱਚੇ ਸਾਡਾ ਸਹਿਯੋਗ ਦਿਓਗੇ, ਕਿਉਂਕਿ ਅਸੀਂ ਅੱਜ ਸਵੇਰੇ, ਅਸੀਂ ਇੱਕ ਮਹਾਨ, ਜਬਰਦਸ਼ਤ ਸੰਦੇਸ਼ ਸ਼ੁਰੂ ਕਰ ਰਹੇ ਹਾਂ ਜਿਸ ਬਾਰੇ ਮੈਨੂੰ ਪੱਕਾ ਯਕੀਨ ਹੈ ਕਿ ਉਹ ਤੁਹਾਡੇ ਪਿਤਾ ਅਤੇ ਮਾਂ ਲਈ ਬਹੁਤ ਅਹਿਮ ਹੋਵੇਗਾ, ਅਤੇ ਤੁਹਾਡੇ ਅਜੀਜਾਂ ਲਈ ਜੋ ਇੱਥੇ ਹਨ, ਅਤੇ ਇੱਥੋਂ ਤਕ ਤੁਹਾਡੇ ਛੋਟੇ ਬੱਚਿਆਂ ਲਈ ਵੀ। ਇਸ ਲਈ, ਆਓ ਅਸੀਂ ਇਸ ਨੂੰ ਪੂਰੇ ਆਦਰ ਸਤਿਕਾਰ ਨਾਲ ਸੁਣੀਏ।

28 ਜੇਕਰ ਪ੍ਰਭੂ ਨੇ ਚਾਹਿਆ, ਤਾਂ ਅਸੀਂ ਅੱਜ ਸਵੇਰੇ ਦਾਨੀਏਲ ਦੇ ਸੱਤਰ ਸਾਤਿਆਂ ਦੇ ਵਿਸ਼ੇ ਤੇ ਗੱਲਬਾਤ ਕਰਾਂਗੇ। ਅਤੇ ਅੱਜ ਸਵੇਰੇ ਅਸੀਂ ਉਸ ਸਮੇਂ ਦੀ ਗੱਲ ਕਰ ਰਹੇ ਹਾਂ ਜਦੋਂ ਦਾਨੀਏਲ ਬੰਧਨ ਵਿੱਚ ਸੀ, ਅਤੇ ਜਦੋਂ ਜਿਬਰਾਏਲ ਉਸ ਨੂੰ ਭਵਿੱਖ ਬਾਰੇ ਹਦਾਇਤ ਦੇਣ ਲਈ ਉੱਡ ਕੇ ਆਇਆ ਸੀ। ਜਦੋਂ ਦਾਨੀਏਲ ਪ੍ਰਾਰਥਨਾ ਕਰ ਰਿਹਾ ਸੀ, ਤਾਂ ਜਿਬਰਾਏਲ, ਦੂਤ, ਉਸ ਨੂੰ ਹਦਾਇਤ ਦੇਣ ਲਈ ਅੰਦਰ ਆਇਆ।

ਅੱਜ ਰਾਤ, ਮੈਂ ਜਿਬਰਾਏਲ ਦੇ ਆਉਣ ਦੇ ਛੇ ਮਕਸਦਾਂ ਬਾਰੇ ਗੱਲ ਕਰਾਂਗਾ, ਛੇ ਵੱਖ-ਵੱਖ ਵਿਸ਼ੇ ਜੋ ਅੱਜ ਰਾਤ ਦੀ ਸਭਾ ਵਿੱਚ ਲਿਆਂਦੇ ਜਾਣਗੇ, ਜਿਨ੍ਹਾਂ ਕਰਕੇ ਜਿਬਰਾਏਲ ਆਇਆ ਸੀ।

29 ਅਗਲੇ ਐਤਵਾਰ, ਜੇ ਪ੍ਰਭੂ ਨੇ ਚਾਹਿਆ, ਤਾਂ ਮੈਂ ਸੱਤ ਕਲੀਸਿਯਾਈ ਯੁਗਾਂ ਦੇ ਕਾਰਨ ਅਤੇ ਸਮੇਂ ਬਾਰੇ ਗੱਲ ਕਰਾਂਗਾ, ਉਹ ਕਿਹੜੇ ਸਮੇਂ ਵਿੱਚ ਆਉਂਦੇ ਹਨ, ਅਤੇ ਅਸੀਂ ਅੱਜ ਕਿੱਥੇ ਖੜੇ ਹਾਂ। ਇਹ ਅਗਲੇ ਐਤਵਾਰ ਸਵੇਰ ਨੂੰ ਹੋਵੇਗਾ, ਜੇ ਪ੍ਰਭੂ ਦੀ ਇੱਛਾ ਹੋਈ।

30 ਹੁਣ, ਇਹ ਸਭ ਕਰਨ ਦਾ ਕਾਰਨ ਇਹ ਹੈ। ਮੈਂ ਆਪਣੀਆਂ ਪਿਛਲੀਆਂ ਕੁਝ ਸਭਾਵਾਂ ਤੋਂ ਕੁਝ ਨੋਟਸ ਲਿਆਂਦੇ ਹਨ। ਅਤੇ ਅੱਜ ਸਵੇਰੇ ਮੈਂ ਕੁਝ ਗੱਲਾਂ ਨੂੰ ਦੁਹਰਾਉਣਾ ਚਾਹੁੰਦਾ ਹਾਂ, ਕਿਉਂਕਿ ਇਹ ਚੁੰਬਕੀ ਟੇਪ ਤੇ ਰਿਕਾਰਡ ਕੀਤੇ ਜਾ ਰਹੇ ਹਨ, ਜੋ ਦੁਨੀਆ ਭਰ ਵਿੱਚ, ਕਈ ਦੇਸ਼ਾਂ ਵਿੱਚ ਜਾਣਗੇ। ਅਤੇ, ਹਮੇਸ਼ਾਂ, ਜਿਸ ਕਰਕੇ ਮੈਂ ਇਸ ਨੂੰ ਦੁਹਰਾਉਂਦਾ ਹਾਂ, ਉਹ ਇਸ ਲਈ ਕਿ ਸ਼ਾਇਦ ਕੋਈ ਟੇਪ ਨੂੰ ਪਹਿਲੀ ਵਾਰ ਸੁਣ ਰਿਹਾ ਹੋਵੇ, ਅਤੇ ਜੇ ਮੈਂ ਕਿਸੇ ਪੁਰਾਣੀ ਗੱਲ ਵੱਲ ਇਸ਼ਾਰਾ ਕਰਾਂ, ਤਾਂ ਉਹ ਸਮਝ ਨਾ ਸਕੇ ਕਿ ਮੈਂ ਕੀ ਕਹਿ ਰਿਹਾ ਹਾਂ।

31 ਅਸੀਂ ਮਹੀਨਿਆਂ ਤੋਂ ਪ੍ਰਕਾਸ਼ ਦੀ ਪੋਥੀ ਦੇ ਅਧੀਐਨ ਵਿੱਚ ਲੱਗੇ ਹੋਏ ਹਾਂ, ਯਿਸੂ ਮਸੀਹ ਦਾ ਪ੍ਰਕਾਸ਼। ਅਸੀਂ ਕਲੀਸਿਯਾਈ ਯੁਗਾਂ ਰਾਹੀਂ ਲੰਘ ਚੁੱਕੇ ਹਾਂ। ਪ੍ਰਕਾਸ਼ ਦੀ ਪੋਥੀ ਦੇ ਪਹਿਲੇ ਤਿੰਨ ਅਧਿਆਇ ਕਲੀਸਿਯਾਈ ਯੁਗ ਹਨ। ਫਿਰ

ਚੌਥੇ ਅਤੇ ਪੰਜਵੇਂ ਅਧਿਆਇ ਵਿੱਚ ਯੂਹੰਨਾ ਨੂੰ ਆਕਾਸ਼ ਵਿੱਚ ਚੁੱਕ ਲਿਆ ਗਿਆ, ਅਤੇ ਉਸ ਨੂੰ ਉਹ ਚੀਜ਼ਾਂ ਵਿਖਾਈਆਂ ਗਈਆਂ ਜੋ—ਜੋ ਭਵਿੱਖ ਵਿੱਚ ਹੋਣ ਵਾਲੀਆਂ ਸਨ। ਹੁਣ, ਛੇਵੇਂ ਅਧਿਆਇ ਵਿੱਚ, ਉਹ ਫਿਰ ਧਰਤੀ ਤੇ ਆ ਜਾਂਦਾ ਹੈ, ਜਿੱਥੇ ਉਹ ਉਹਨਾਂ ਚੀਜ਼ਾਂ ਨੂੰ ਵੇਖਦਾ ਹੈ ਜੋ ਛੇਵੇਂ ਅਧਿਆਇ ਦੀ ਪਹਿਲੀ ਆਇਤ ਤੋਂ ਲੈ ਕੇ, ਉਣੀਵੇਂ ਅਧਿਆਇ ਦੀ ਇਕੀਵੀਂ ਆਇਤ ਤੱਕ ਘਟਣੀਆਂ ਹਨ। ਇਨ੍ਹਾਂ ਅਧਿਆਇਆਂ ਵਿੱਚ ਹੀ ਮੋਹਰਾਂ, ਮਹਮਾਰੀਆਂ, ਸੰਤਾਪ, ਟਿਡ੍ਡੀਆਂ, ਸੂਰਜ ਵਿੱਚ ਔਰਤ, ਲਾਲ ਅਜਗਰ ਦਾ ਬਾਹਰ ਸੁੱਟਿਆ ਜਾਣਾ, ਇੱਕ ਲੱਖ ਚੁਤਾਲੀ ਹਜਾਰ ਲੋਕਾਂ ਦਾ ਮੋਹਰਬੰਦ ਹੋਣਾ, ਅਤੇ ਇਹ ਸਾਰੀਆਂ ਚੀਜਾਂ ਹੁੰਦੀਆਂ ਹਨ।

32 ਇਹ ਹਫ਼ਤਾ ਅਧਿਐਨ ਲਈ ਬਹੁਤ ਵਧੀਆ ਰਿਹਾ ਹੈ। ਕੱਲ੍ਹ ਦਿਨ ਭਰ, ਮੈਂ ਆਪਣੇ ਕਮਰੇ ਤੋਂ ਬਾਹਰ ਵੀ ਨਹੀਂ ਨਿਕਲਿਆ, ਅਧਿਐਨ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਅਤੇ ਇਹ ਕੁਝ ਅਜਿਹਾ ਹੈ ਜੋ ਪਿਛਲੀ ਵਾਰ ਸੀ, ਇੱਥੇ ਬਹੁਤ ਸਾਰੇ ਪੁਰਾਣੇ-ਸਮੇਂ ਦੇ ਲੋਕ ਹਨ, ਜਿਨ੍ਹਾਂ ਨੂੰ ਮੈਂ ਸਿਖਾਇਆ ਸੀ, ਮੈਂ ਬਸ ਕਿਹਾ ਸੀ, "ਦਾਨੀਏਲ ਦੀ ਸੱਤਰ ਸਾਤੇ ਇਸ ਨਾਲ ਸੰਬਧ ਰੱਖਦੇ ਹਨ," ਪਰ ਮੈਂ ਕਦੇ ਵੀ ਇਸ ਤੇ ਹਮਲਾ ਕਰਣ ਦੀ, ਸਮਝਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਪਰ ਇਸ ਵਾਰ, ਪਰਮੇਸ਼ੁਰ ਦੀ ਕਿਰਪਾ ਨਾਲ, ਮੈਂ ਪਰਮੇਸ਼ੁਰ ਅੱਗੇ ਕਿਰਪਾ ਮੰਗਣ ਦੀ ਕੋਸ਼ਿਸ਼ ਕਰਨ ਦਾ ਜ਼ਿੰਮਾ ਆਪਣੇ ਆਪ ਤੇ ਲਿਆ ਹੈ, ਤਾਂ ਜੋ ਮੈਂ ਇਸ ਨੂੰ ਲੋਕਾਂ ਤਕ ਲਿਆ ਸਕਾਂ। ਅਤੇ ਇਸ ਅਧਿਐਨ ਦੌਰਾਨ ਮੈਨੂੰ ਅਜਿਹੀਆਂ ਚੀਜ਼ਾਂ ਮਿਲੀਆਂ ਹਨ ਜਿਨ੍ਹਾਂ ਬਾਰੇ ਮੈਂ ਇੱਕ ਵੀ ਗੱਲ ਨਹੀਂ ਜਾਣਦਾ ਸੀ।

33 ਅਤੇ, ਫਿਰ, ਮੈਂ—ਮੈਂ ਡਾ. ਲਾਰਕਿਨ ਦੀ ਕਿਤਾਬ, ਡਾ. ਸਮਿਥ ਦੀ ਕਿਤਾਬ, ਡਾ. ਸਕੋਫੀਲਡ ਦੇ ਨੋਟਸ, ਅਤੇ ਹਰ ਜਗ੍ਹਾ ਤੋਂ ਮਨੁੱਖਾਂ ਦੀਆਂ ਟਿੱਪਣੀਆਂ ਪੜ੍ਹੀਆਂ ਹਨ, ਅਤੇ ਫਿਰ ਵੀ ਮੈਂ ਉਹਨਾਂ ਨੂੰ ਇੱਕ ਦੂਜੇ ਨਾਲ ਜੋੜ ਕੇ ਠੀਕ ਤਰੀਕੇ ਨਾਲ ਨਹੀਂ ਬੈਠਾ ਸਕਿਆ। ਸਮਝੇ? ਇਸ ਲਈ, ਇਸ ਹਫ਼ਤੇ ਮੈਂ ਯੋਜਨਾ ਬਣਾ ਰਿਹਾ ਹਾਂ, ਕਿ ਕੰਟੱਕੀ ਦੀ ਲਾਇਬ੍ਰੇਰੀ ਵਿੱਚ ਜਾਵਾਂ, ਕੈਲੰਡਰਾਂ ਦੇ ਪੁਰਾਣੇ ਖਗੋਲ ਵਿਗਿਆਨ ਅਤੇ ਸਮਿਆਂ ਬਾਰੇ ਪੜ੍ਹਨ ਲਈ, ਅਤੇ ਜਿਹੜੀਆਂ ਵੀ ਪੁਰਾਣੀਆਂ ਪੁਸਤਕਾਂ ਮਿਲ ਸਕਣ, ਮੈਂ ਉਹ ਇਕੱਠੀਆਂ ਕਰ ਰਿਹਾ ਹਾਂ, ਤਾਂ ਜੋ ਥੋੜ੍ਹਾ ਬਹੁਤ ਮੈਂ ਕਰ ਸਕਦਾ ਹਾਂ, ਕਰ ਰਿਹਾ ਹਾਂ, ਅਤੇ ਮੇਰਾ ਪੂਰਾ ਭਰੋਸਾ ਯਿਸੂ ਮਸੀਹ ਤੇ ਹੈ ਕਿ ਉਹ ਮੈਨੂੰ ਇਹ ਪਰਗਟ ਕਰੇਗਾ।

ਕਿਉਂਕਿ, ਮੈਂ ਨਹੀਂ ਚਾਹੁੰਦਾ ਕਿ ਮੈਂ ਆਖਾਂ, "ਮੈਂ *ਇਹ* ਜਾਣਦਾ ਹਾਂ, ਮੈਂ *ਉਹ* ਜਾਣਦਾ ਹਾਂ।" ਉਹ ਮੇਰੇ ਦਿਲ ਨੂੰ ਜਾਣਦਾ ਹੈ। ਉਹ ਮੇਰੀ ਸੁਣ ਰਿਹਾ

ਹੈ। ਪਰ ਮੇਰੀ ਇੱਛਾ ਇਹ ਹੈ, ਕਿ ਮੈਂ ਉਸ ਦੇ ਲੋਕਾਂ ਨੂੰ ਚਾਨਣ ਦੇ ਸਕਾਂ, ਇਸ ਲਈ ਮੈਂ ਵਿਸ਼ਵਾਸ ਰੱਖਦਾ ਹਾਂ ਕਿ ਉਹ ਮੈਨੂੰ ਇਹ ਬਖ਼ਸ਼ੇਗਾ। ਹਾਲਾਂਕਿ ਮੈਂ ਅਜੇ ਇਹ ਨਹੀਂ ਜਾਣਦਾ, ਪਰ ਅਗਲੇ ਐਤਵਾਰ ਲਈ ਮੈਂ ਪੂਰੀ ਉਮੀਦ ਰੱਖਦਾ ਹਾਂ, ਕਿਉਂਕਿ ਉਹ ਇੱਕ ਮਹਾਨ ਹਿੱਸਾ ਹੋਵੇਗਾ, ਅਗਲੇ ਐਤਵਾਰ, ਜਦੋਂ ਅਸੀਂ ਦਾਨੀਏਲ ਦੀ ਸੱਤਰ ਸਾਤਿਆਂ ਬਾਰੇ ਜਾਣਾਂਗੇ ਅਤੇ ਉਨ੍ਹਾਂ ਨੂੰ ਸਹੀ ਜਗ੍ਹਾ ਤੇ ਰੱਖਾਂਗੇ।

34 ਹਰ ਇਕ ਦੀ ਇੱਕ ਵੱਖਰੀ ਥਾਂ ਹੈ। ਅਤੇ ਜਦ ਤੁਸੀਂ ਇਹ ਸਾਰੇ ਇਕਠੇ ਕਰ ਕੇ ਇੱਕੋ ਸਮੇਂ ਚਲਾਉਣ ਦੀ ਕੋਸ਼ਿਸ਼ ਕਰਦੇ ਹੋ, ਤਾਂ ਇਹ ਸਹੀ ਤਰੀਕੇ ਨਾਲ ਮੇਲ ਨਹੀਂ ਖਾਂਦੇ, ਇਹ ਰਿਕਾਰਡ ਤੇ ਸਹੀ ਨਹੀਂ ਆਉਂਦੇ। ਇਹ ਅਸੰਭਵ ਹੈ। ਇਸ ਲਈ, ਹੋ ਸਕਦਾ ਹੈ ਕਿ ਮੈਂ—ਮੈਂ ਇਸ ਨੂੰ ਸਹੀ ਤਰੀਕੇ ਨਾਲ ਨਾ ਲੈ ਕੇ ਆ ਸਕਾਂ, ਪਰ ਮੈਂ ਇਸ ਦੇ ਲਈ ਪ੍ਰਭੂ ਤੇ ਭਰੋਸਾ ਕਰ ਰਿਹਾ ਹਾਂ।

35 ਮੈਨੂੰ ਯਾਦ ਹੈ ਕਿ ਇਕ ਵਾਰੀ ਸੁਲੇਮਾਨ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰ ਰਿਹਾ ਸੀ ਅਤੇ ਉਸ ਤੋਂ ਪੁੱਛ ਰਿਹਾ ਸੀ ਕਿ ਕੀ ਉਹ ਉਸ ਨੂੰ ਬੁੱਧ ਦੇਵੇਗਾ, ਉਸ ਨੇ ਆਪਣੇ ਲਈ, "ਦਿਨਾਂ ਦਾ ਵਾਧਾ, ਲੰਮੀ ਜਿੰਦਗੀ, ਧੰਨ ਦੌਲਤ" ਨਹੀਂ ਮੰਗੀ, ਪਰ ਸਿਰਫ਼ ਬੁੱਧ ਮੰਗੀ ਤਾਂ—ਤਾਂ ਉਹ ਜਾਣ ਸਕੇ ਕਿ ਪਰਮੇਸ਼ੁਰ ਦੇ ਲੋਕਾਂ ਲਈ ਨਿਆਂ ਕਿਵੇਂ ਕਰਨਾ ਹੈ। ਅਤੇ ਪਰਮੇਸ਼ੁਰ ਨੇ ਉਸ ਪ੍ਰਾਰਥਨਾ ਦਾ ਆਦਰ ਕੀਤਾ, ਸੁਲੇਮਾਨ ਨੂੰ ਉਹ ਬੁੱਧ ਦਿੱਤੀ, ਕਿਉਂਕਿ ਇਹ ਉਸ ਦੇ ਲੋਕਾਂ ਲਈ ਸੀ। ਇਸੇ ਲਈ ਮੈਂ ਵੀ ਪਰਮੇਸ਼ੁਰ ਕੋਲੋਂ ਮੰਗ ਕਰ ਰਿਹਾ ਹਾਂ ਕਿ ਉਹ ਮੈਨੂੰ ਇਹ ਸਮਝ ਬਖਸ਼ੇ ਕਿ ਦਾਨੀਏਲ ਦੇ ਸੱਤਰ ਸਾਤਿਆਂ ਦਾ ਕੀ ਅਰਥ ਹੈ, ਕਿਉਂਕਿ ਮੈਂ ਜਾਣਦਾ ਹਾਂ ਕਿ ਇਹ ਉਸ ਯੁੱਗ ਲਈ ਬਿਲਕੁਲ ਸਹੀ ਕੈਲੰਡਰ ਹੈ ਜਿਸ ਵਿੱਚ ਅਸੀਂ ਰਹਿ ਰਹੇ ਹਾਂ। ਅਤੇ, ਇਸ ਲਈ, ਮੈਂ ਇਸਨੂੰ ਜਾਣਨਾ ਚਾਹੁੰਦਾ ਹਾਂ; ਆਪਣੇ ਲਈ ਨਹੀਂ, ਮੈਂ...ਆਪਣੇ ਲਈ ਨਹੀਂ। ਬੇਸ਼ੱਕ, ਮੈਂ ਇਹ ਜਾਣਨਾ ਚਾਹੁੰਦਾ ਹਾਂ। ਮੈਂ ਇਹ ਇਸ ਤਰ੍ਹਾਂ ਨਹੀਂ ਕਹਿੰਦਾ, "ਆਪਣੇ ਲਈ ਨਹੀਂ," ਕਿਉਂਕਿ ਮੈਂ ਇਹ ਆਪਣੇ ਲਈ ਵੀ ਚਾਹੁੰਦਾ ਹਾਂ। ਮੈਂ ਜਾਣਨਾ ਚਾਹੁੰਦਾ ਹਾਂ, ਕਿਉਂਕਿ ਮੈਂ ਜਾਣਨਾ ਚਾਹੁੰਦਾ ਹਾਂ ਕਿ ਅਸੀਂ ਕਿੱਥੇ ਰਹਿ ਰਹੇ ਹਾਂ ਅਤੇ ਕਿਸ ਸਮੇਂ ਵਿੱਚ ਰਹਿ ਰਹੇ ਹਾਂ। ਅਤੇ, ਫਿਰ, ਮੈਨੂੰ ਪਤਾ ਹੈ ਕਿ ਇਹ ਦਿੱਤਾ ਗਿਆ ਸੀ।

36 ਅਤੇ ਵੱਖ-ਵੱਖ ਲੋਕਾਂ ਨੇ ਇਸਨੂੰ ਸਮਝ ਲਿਆ ਹੈ, ਅਤੇ ਉਹਨਾਂ ਨੇ ਇਹ ਬਹੁਤ ਪਹਿਲਾਂ ਕੀਤਾ ਹੈ। ਇੱਕ ਵਿਅਕਤੀ, ਬਾਰੇ ਮੈਂ ਪੜ੍ਹ ਰਿਹਾ ਸੀ, ਉਸ ਨੇ ਕਿਹਾ ਕਿ ਦਾਨੀਏਲ ਦੀ ਸੱਤਰ ਸਾਤੇ 1919 ਵਿੱਚ ਹੀ ਪੂਰੇ ਹੋ ਗਏ ਸਨ। ਖੈਰ, ਇਹ ਇਸ ਤਰ੍ਹਾਂ ਨਹੀਂ ਸੀ।

ਇਸ ਲਈ, ਸੱਤਰ ਸਾਤਿਆਂ ਦੇ ਪੂਰੇ ਹੋਣ ਤੇ, ਸੱਤਰ ਸਾਤਿਆਂ ਦੇ ਬਾਅਦ, ਇਹ ਸਭ ਮੁਕੰਮਲ ਹੋ ਗਿਆ ਹੈ। ਇਸ ਲਈ ਅਸੀਂ—ਅਸੀਂ ਨਹੀਂ...ਅਸੀਂ ਸੱਚਾਈ ਜਾਣਨਾ ਚਾਹੁੰਦੇ ਹਾਂ। ਅਤੇ ਮੈਂ ਪਰਮੇਸ਼ੁਰ ਕੋਲੋਂ ਮੰਗ ਕਰ ਰਿਹਾ ਹਾਂ ਕਿ ਉਹ ਮੈਨੂੰ ਸੱਚਾਈ ਦੇਵੇ।

37 ਹੁਣ, ਇਸ ਦੀ ਪੱਠਭੂਮੀ ਸਮਝਾਉਣ ਲਈ, ਮੈਂ ਚਾਹੁੰਦਾ ਹਾਂ ਕਿ ਅਸੀਂ ਥੋੜ੍ਹਾ ਜਿਹਾ ਪਿਛਲਾ ਅਧਿਐਨ ਦੁਹਰਾਈਏ। ਤਾਂ, ਇਸ ਲਈ, ਕੁਝ ਨੋਟਸ ਜੋ ਮੈਂ ਬਣਾਏ ਹਨ, ਜੋ ਚੌਥੇ ਤੇ ਪੰਜਵੇਂ ਅਧਿਆਇ ਤੋਂ ਲਏ ਸਨ, ਤਾਂ ਜੋ ਲੋਕ ਚੰਗੀ ਤਰ੍ਹਾਂ ਸਮਝ ਸਕਣ। ਪਹਿਲਾਂ, ਇਸ ਤੋਂ ਪਹਿਲਾਂ ਕਿ ਅਸੀਂ ਇਹ ਕਰੀਏ, ਮੈਂ ਇਸਨੂੰ ਦੁਹਰਾਉਣਾ ਚਾਹੁੰਦਾ ਹਾਂ, ਤਾਂ ਜੋ ਤੁਸੀਂ ਚੌਥੇ ਤੋਂ ਸਮਝ ਸਕੋ...

ਹੁਣ, ਯਾਦ ਕਰੋ, ਤੀਜਾ ਅਧਿਆਇ ਲਾਉਦਿਕੀਆ ਕਲੀਸਿਯਾ ਯੁੱਗ ਸੀ, ਅਤੇ ਕਲੀਸਿਯਾ ਨੂੰ ਲਾਉਦਿਕੀਆ ਦੇ ਅੰਤ ਵਿੱਚ ਲੈ ਲਿਆ ਗਿਆ ਸੀ।

38 ਹੁਣ, ਮੈਂ ਆਪਣੀ ਪਤਨੀ ਨੂੰ ਇਸ ਬਾਰੇ ਕੁਝ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੇਰੀ ਧੀ ਬੈਕੀ ਮੇਰੇ ਨਾਲ ਸੀ, ਅਤੇ ਅਸੀਂ ਹਰ ਤਰ੍ਹਾਂ ਦੇ ਸ਼ਬਦਕੋਸ਼ ਅਤੇ ਚੀਜਾਂ ਲੈ ਲਈਆਂ ਜੋ ਅਸੀਂ ਲਿਆ ਸਕਦੇ ਸੀ। ਉਨ੍ਹਾਂ ਤੋਂ ਜਵਾਬ ਨਹੀਂ ਮਿਲ ਸਕਿਆ। ਮੈਂ ਬਾਈਬਲ ਦਾ ਸ਼ਬਦਕੋਸ਼ ਲੈ ਲਿਆ। ਮੈਂ ਪੁਰਾਤਨ ਯੂਨਾਨੀ ਸ਼ਬਦਕੋਸ਼ ਲਿਆ। ਮੈਂ—ਮੈਂ ਵੈਬਸਟਰ ਸ਼ਬਦਕੋਸ਼ ਲਿਆ ਅਤੇ ਹੋਰ ਵੀ ਬਹੁਤ ਸਾਰੇ ਆਧੁਨਿਕ ਸ਼ਬਦਕੋਸ਼ ਲੈ ਲਏ। ਉਨ੍ਹਾਂ ਵਿੱਚੋਂ ਕੋਈ ਵੀ ਨਹੀਂ ਦੱਸ ਸਕਿਆ...ਕਿਸੇ ਵੀ ਢੰਗ ਨਾਲ, ਸ਼ਬਦ ਜਾਂ ਉਤਰ ਨਹੀਂ ਦੇ ਸਕਿਆ।

39 ਮੇਰੀ ਪਤਨੀ ਨੇ ਕਿਹਾ, "ਤੁਸੀਂ ਸਾਡੇ ਲੋਕਾਂ ਤੋਂ ਕਿਵੇਂ ਉਮੀਦ ਕਰਦੇ ਹੋ, ਜੋ ਗਰੀਬ ਲੋਕ ਹਨ, ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਸਾਡੇ ਵਾਂਗ ਅਨਪੜ੍ਹ ਹਨ, ਕਿ ਉਹ ਅਜਿਹੀਆਂ ਗੱਲਾਂ ਸਮਝ ਜਾਣਗੇ?"

ਮੈਂ ਕਿਹਾ, "ਪਰਮੇਸ਼ੁਰ ਜਵਾਬ ਦੇਵੇਗਾ।"

40 ਭਾਵੇਂ ਗੱਲ ਕਿੰਨੀ ਵੀ ਔਖੀ ਹੋਵੇ, ਪਰਮੇਸ਼ੁਰ ਇਸ ਨੂੰ ਤੋੜ ਕੇ ਸਾਧਾਰਣ ਬਣਾ ਸਕਦਾ ਹੈ। ਕਿਉਂਕਿ ਅਸੀਂ...ਉਹ ਲੋਕ ਹਾਂ ਜੋ ਇਸ ਸਮੇਂ ਅਤੇ ਘੜੀ ਲਈ ਤਰਸ ਰਹੇ ਹਾਂ, ਪ੍ਰਾਰਥਨਾ ਕਰ ਰਹੇ ਹਾਂ। ਅਤੇ ਸਾਡੀਆਂ ਅੱਖਾਂ ਅਸਮਾਨ ਵੱਲ ਲੱਗੀਆਂ ਹੋਈਆਂ ਹਨ, ਅਤੇ ਅਸੀਂ ਉਸ ਦੇ ਆਉਣ ਦੀ ਉਡੀਕ ਕਰ ਰਹੇ ਹਾਂ। ਅਤੇ ਮੈਨੂੰ ਪੂਰਾ ਯਕੀਨ ਹੈ ਕਿ ਉਹ ਸਾਨੂੰ ਦਿਖਾਏਗਾ। ਹੁਣ, ਇਹ ਸਾਨੂੰ ਇਹ ਨਹੀਂ ਦੱਸੇਗਾ ਕਿ ਉਹ ਕਿਹੜਾ ਦਿਨ ਜਾਂ ਘੜੀ ਹੋਵੇਗੀ, ਕਿਉਂਕਿ ਕੋਈ ਮਨੁੱਖ ਉਹ ਨਹੀਂ ਜਾਣੇਗਾ, ਪਰ ਇਹ ਜ਼ਰੂਰ ਸਾਨੂੰ ਦੱਸ ਦੇਵੇਗਾ ਕਿ

ਅਸੀਂ ਸਾਤੇ ਦੇ ਕਿਹੜੇ ਦਿਨ ਵਿੱਚ ਜੀ ਰਹੇ ਹਾਂ, ਜੇ ਅਸੀਂ ਇਸ ਨੂੰ ਸਮਝ ਸਕੀਏ।

41 ਹੁਣ ਚੌਥੇ ਅਧਿਆਇ ਵਿੱਚ, ਯੂਹੰਨਾ ਨੂੰ ਕਲੀਸਿਯਾ ਦੇ ਬਾਅਦ, ਤੁਰੰਤ ਆਕਾਸ਼ ਵਿੱਚ ਉਠਾ ਲਿਆ ਗਿਆ। ਯੂਹੰਨਾ ਨੇ, ਉੱਪਰ ਜਾਂਦੇ ਹੋਏ, ਉਸ ਨੇ ਸੰਪੂਰਣ ਕਲੀਸਿਯਾਈ ਜੁੱਗ ਨੂੰ ਵੇਖਿਆ। ਇੱਥੇ ਹੀ ਮੈਂ ਰੁਕਣਾ ਚਾਹੁੰਦਾ ਹਾਂ, ਬਸ ਇੱਕ ਸਕਿੰਟ ਲਈ, ਇਹ ਕਹਿਣ ਲਈ, ਕਿ: ਬਹੁਤ ਸਾਰੇ ਲੋਕ ਜੋ ਪਰਾਈਆਂ ਕੌਮਾਂ ਦੇ ਯੁਗ ਵਿੱਚ ਕੋਈ ਮਹਾਨ, ਸ਼ਕਤੀਸ਼ਾਲੀ ਘਟਨਾ ਹੋਣ ਦੀ ਉਮੀਦ ਕਰ ਰਹੇ ਹਨ, ਉਹ ਨਿਸ਼ਚਿਤ ਤੌਰ ਤੇ ਗਲਤ ਹਨ। ਕਲੀਸਿਯਾਈ ਜੁੱਗ, ਅਤੇ ਉਹ ਸਭ ਕੁਝ ਜੋ ਪਰਾਈਆਂ ਕੌਮਾਂ ਦੇ ਰਾਜ ਵਿੱਚ ਹੋਣਾ ਸੀ, ਉਹ ਸਾਰਾ ਕੁਝ ਪ੍ਰਕਾਸ਼ ਦੀ ਪੋਥੀ 1 ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ 3 ਤਕ ਦਰਜ ਹੈ, ਤਿੰਨ ਵੀ ਮਿਲਾ ਕੇ। ਫਿਰ ਕਲੀਸਿਆ ਉਠਾ ਲਈ ਜਾਂਦੀ ਹੈ, ਅਤੇ ਇਸ ਦਾ ਬਾਕੀ ਇਸ, ਉਣੀਵੇਂ ਅਧਿਆਇ ਤੱਕ, ਇਹ ਦੱਸਦਾ ਹੈ ਕਿ ਯਹੂਦੀ ਨਸਲ ਨਾਲ ਕੀ ਹੋਵੇਗਾ, ਜਦ ਕਲੀਸਿਯਾ ਚਲੀ ਗਈ ਹੋਵੇਗੀ। ਅਤੇ ਇਹ ਵੱਡੀ ਬਿਪਤਾ ਦਾ ਸਮਾਂ ਹੈ, ਪਰਾਈਆਂ ਕੌਮਾਂ ਦਰਮਿਆਨ ਕੁਝ ਨਹੀਂ ਹੋਵੇਗਾ; ਸਿਰਫ਼ ਕਤਲੇਆਮ, ਅਤੇ ਇਸ ਤਰ੍ਹਾਂ ਹੀ, ਜਦ ਅਸੀਂ ਉਸ ਤੱਕ ਪਹੁੰਚਾਂਗੇ ਤਾਂ ਦੇਖਾਂਗੇ।

42 ਪਰ ਕਲੀਸਿਯਾ, ਆਪ, 13ਵੀਂ ਤੇ ਚਲੀ ਜਾਂਦੀ ਹੈ...ਪ੍ਰਕਾਸ਼ ਦੀ ਪੋਥੀ ਦੇ ਤੀਜੇ ਅਧਿਆਏ ਦੀ ਆਖਰੀ ਆਇਤ ਤੇ, ਜਦੋਂ ਲਾਉਦੀਕੀਆ ਕਲੀਸਿਯਾ ਯੁੱਗ ਦਾ ਅੰਤ ਹੋ ਜਾਂਦਾ ਹੈ, ਜੋ ਕਿ ਆਖਰੀ ਯੁੱਗ ਸੀ।

43 ਅਸੀਂ ਹਰ ਇੱਕ ਕਲੀਸਿਆਈ ਯੁੱਗ ਨੂੰ ਲਿਆ, ਹਰ ਵਾਰ, ਜਦੋਂ ਕੋਈ ਘਟਨਾ ਘਟੀ, ਹਰੇਕ ਤਾਰਾ, ਹਰੇਕ ਦੂਤ, ਉਨ੍ਹਾਂ ਦਾ ਸੁਭਾਅ, ਉਨ੍ਹਾਂ ਨੇ ਕੀ ਕੀਤਾ, ਅਤੇ ਇਤਿਹਾਸ ਰਾਹੀਂ ਉਹਨਾਂ ਨੂੰ ਆਖਰੀ ਯੁੱਗ ਤਕ ਲਿਆਂਦਾ, ਇਸ ਨੂੰ ਤਸਵੀਰ ਤੇ ਉਤਾਰਿਆ, ਜੋ ਇਸ ਪਾਸੇ ਕੰਧ ਤੇ ਲੱਗੀ ਹੋਈ ਹੈ। ਜਦ ਅਸੀਂ ਇਹ ਸਭ ਕੁਝ ਮੁਕੰਮਲ ਕਰ ਲਿਆ, ਪਵਿੱਤਰ ਆਤਮਾ ਆਇਆ, ਉਸਨੇ ਕੰਧ ਉੱਤੇ ਉਸੇ ਚੀਜ਼ ਦਾ ਇਕ ਚੱਕਰ ਬਣਾਇਆ, ਅਤੇ ਉਹਨਾਂ ਸਾਰੀਆਂ ਗੱਲਾਂ ਨੂੰ ਸਾਡੇ ਸਾਰਿਆਂ ਸਾਹਮਣੇ ਆਪਣੇ ਆਪ ਪਰਗਟ ਕਰ ਦਿੱਤਾ।

44 ਹੁਣ, ਇਹ ਸਭ ਕਰਦਿਆਂ, ਮੈਨੂੰ ਆਸ ਹੈ, ਕਿ ਇਸ ਦੇ ਅਖੀਰ ਵਿੱਚ ਉਹ ਕੋਈ ਵੱਡੀ ਚੀਜ ਲੈ ਕੇ ਆਵੇਗਾ, ਅਤੇ ਸਾਨੂੰ ਦੁਬਾਰਾ ਦਿਖਾਵੇਗਾ ਕਿ ਅਸੀਂ ਅੰਤ ਸਮੇਂ ਉੱਤੇ ਆ ਚੁੱਕੇ ਹਾਂ।

45 ਤੁਹਾਡੇ ਵਿਚੋਂ ਕਿੰਨੇ ਲੋਕਾਂ ਨੇ ਕੇਨੇਡੀ...ਰਾਸ਼ਟਰਪਤੀ ਕੇਨੇਡੀ ਦਾ ਭਾਸ਼ਣ ਸੁਣਿਆ ਹੈ, ਉਸ ਦੀਆਂ ਟਿੱਪਣੀਆਂ ਅਤੇ ਵਗੈਰਾ-ਵਗੈਰਾ? ਕਿੰਨੇ ਕੁ ਲੋਕਾਂ ਨੇ

ਇਹ ਭਵਿੱਖਬਾਣੀ ਸੁਣੀ ਹੈ, ਕਿ ਪਹਿਲੀ ਜਨਵਰੀ ਤੱਕ, ਇਹ ਭਵਿੱਖਬਾਣੀ ਕੀਤੀ ਗਈ ਹੈ ਕਿ ਸੰਯੁਕਤ ਰਾਜ ਅਮਰੀਕਾ ਅਤੇ ਰੂਸ ਦੋਵੇਂ ਜਵਾਲਾਮੁਖੀ ਦੀ ਰਾਖ ਬਣ ਜਾਣਗੇ? ਸਾਨੂੰ ਬੱਸ ਇਹੀ ਚਾਹੀਦਾ ਹੈ। ਸਮਾਂ ਸਾਡੀ ਸੋਚ ਤੋਂ ਵੀ ਅੱਗੇ ਲੰਘ ਚੁੱਕਾ ਹੈ। ਸਮਝੇ? ਇਸ ਲਈ, ਜੇ ਇਹ ਇੰਨਾ ਨੇੜੇ ਹੈ ਕਿ ਧਰਤੀ ਦੇ ਮਨੁੱਖ ਵੀ ਹੁਣ ਇੰਨੀ ਵੱਡੀ ਤਬਾਹੀ ਦੀ ਭਵਿੱਖਬਾਣੀ ਕਰ ਰਹੇ ਹਨ, ਤਾਂ ਚੰਗਾ ਹੋਵੇਗਾ ਅਸੀਂ ਚੌਕਸ ਹੋ ਜਾਈਏ, ਸਭ ਕੁਝ ਇੱਕਦਮ ਤਿਆਰ ਹੋਵੇ, ਹਰੇਕ ਗੁਨਾਹ ਕਬੂਲ ਕਰ ਲਿਆ ਜਾਵੇ, ਸਭ ਕੁਝ ਤਿਆਰ ਰਹੇ, ਕਿਉਂਕਿ ਅਸੀਂ ਨਹੀਂ ਜਾਣਦੇ ਕਿ ਸਾਡਾ ਪ੍ਰਭੂ ਸਾਨੂੰ ਕਦੋਂ ਬੁਲਾਵਾ ਭੇਜ ਦਵੇ। ਅਤੇ ਜਦ ਉਹ ਬੁਲਾਵਾ ਭੇਜਦਾ ਹੈ, "ਉੱਪਰ ਚਲੇ ਆਓ," ਤਾਂ ਚੰਗਾ ਹੋਵੇਗਾ ਕਿ ਤਿਆਰ ਰਹੋ। ਅਤੇ ਇਹ ਉਸ ਘੜੀ ਆ ਜਾਵੇਗਾ ਜਿਸ ਘੜੀ ਤੁਸੀਂ ਸੋਚਿਆ ਵੀ ਨਹੀਂ ਹੋਵੇਗਾ।

46 ਮਹਾਨ ਪੰਤੇਕੁਸਤ ਦੀ ਬੇਦਾਰੀ ਹੁਣ ਖਤਮ ਹੋ ਰਹੀ ਹੈ। ਅਸੀਂ ਇਹ ਹਰ ਥਾਂ ਵੇਖ ਰਹੇ ਹਾਂ, ਇਹ ਜੋ ਆਖਰੀ ਮਹਾਨ ਚਾਲ ਸੀ। ਸੰਦੇਸ਼ ਅੱਗੇ ਚਲਾ ਗਿਆ ਹੈ। ਹੁਣ ਸਭ ਕੁਝ ਤਿਆਰ ਹੈ, ਉਡੀਕ ਕਰ ਰਿਹਾ ਹੈ। ਕਲੀਸਿਯਾ ਨੂੰ ਮੋਹਰਬੰਦ ਕਰ ਦਿੱਤਾ ਗਿਆ ਹੈ। ਦੁਸ਼ਟ ਹੋਰ ਵੀ ਦੁਸ਼ਟਤਾਈ ਕਰ ਰਹੇ ਹਨ। ਕਲੀਸਿਯਾਵਾਂ ਹੋਰ ਵੀ ਰਸਮੀ ਹੁੰਦੀਆਂ ਜਾ ਰਹੀਆਂ ਹਨ। ਪਰ ਸੰਤ ਪਰਮੇਸ਼ੁਰ ਦੇ ਨੇੜੇ ਆ ਰਹੇ ਹਨ। ਆਤਮਾ ਦੇ ਦਾਨ ਛੋਟੇ-ਛੋਟੇ ਝੁੰਡਾਂ ਵਿੱਚ ਵਧਣ ਫੁੱਲਣ ਲੱਗੇ ਹਨ। ਅਸੀਂ ਅੰਤ ਦੇ ਸਮੇਂ ਤੇ ਹਾਂ। ਔਹ, ਮੈਨੂੰ ਉਹ ਗੀਤ ਪਸੰਦ ਹੈ ਜੋ ਅਸੀਂ ਕਲੀਸਿਯਾ ਵਿੱਚ ਗਾਉਂਦੇ ਹੁੰਦੇ ਸੀ।

ਮੈਂ ਉਸ ਖੁਸ਼ਹਾਲ ਹਜ਼ਾਰ ਸਾਲ ਦੇ ਰਾਜ ਦੇ ਦਿਨ ਦੇ
ਆਉਣ ਦੀ ਉਡੀਕ ਕਰ ਰਿਹਾ ਹਾਂ,
ਜਦੋਂ ਸਾਡਾ ਮੁਬਾਰਕ ਪ੍ਰਭੂ ਆਵੇਗਾ ਅਤੇ ਉਸਦੀ ਉਡੀਕ
ਕਰਨ ਵਾਲੀ ਲਾੜੀ ਨੂੰ ਲੈ ਜਾਵੇਗਾ;
ਔਹ, ਮੇਰਾ ਦਿਲ ਪੁਕਾਰ ਰਿਹਾ ਹੈ, ਉਸ ਮਿੱਠੀ ਰਿਹਾਈ
ਦੇ ਦਿਨ ਲਈ ਪਿਆਸਾ ਹੈ,
ਜਦ ਸਾਡਾ ਛੁਟਕਾਰਾ ਦੇਣ ਵਾਲਾ ਦੁਬਾਰਾ ਧਰਤੀ ਤੇ
ਵਾਪਸ ਆਵੇਗਾ।

47 ਉਸ ਘੜੀ ਦੀ ਉਡੀਕ ਕਰ ਰਿਹਾ ਹਾਂ! ਹੁਣ, 5ਵੇਂ ਅਧਿਆਇ ਅਤੇ 5ਵੀਂ ਆਇਤ ਵਿੱਚ, ਆਪਣੇ ਪਿਛਲੇ ਪਾਠ ਵਿੱਚ, ਅਸੀਂ ਵੇਖਦੇ ਹਾਂ, ਕਿ ਅਸੀਂ ਉਸ ਨੇੜੇ ਦਾ ਸਾਕ ਮੁਕਤੀਦਾਤਾ ਬਾਰੇ ਗੱਲ ਕੀਤੀ ਸੀ, ਜਿਸ ਬਾਰੇ ਸਾਨੂੰ ਪਤਾ ਲੱਗਾ ਕਿ ਉਹ ਮਸੀਹ ਸੀ। ਇਸਨੂੰ ਰੂਥ ਨਾਲ ਮਿਲਾਇਆ: ਰੂਥ ਫੈਸਲਾ ਲੈ

ਰਹੀ ਹੈ; ਰੂਥ ਸੇਵਾ ਕਰ ਰਹੀ ਹੈ; ਰੂਥ ਆਰਾਮ ਕਰ ਰਹੀ ਹੈ। ਫੈਸਲਾ ਲੈਣਾ, ਧਰਮੀ ਠਹਿਰਾਉਣਾ ਸੀ; ਸੇਵਾ ਕਰਨਾ, ਆਪਣੇ ਆਪ ਨੂੰ ਤਿਆਰ ਕਰਨਾ ਸੀ, ਪਵਿੱਤਰੀਕਰਨ; ਆਰਾਮ ਕਰਨਾ ਸੀ, ਪਵਿੱਤਰ ਆਤਮਾ ਨਾਲ, ਵਿਆਹ ਦੀ ਦਾਅਵਤ ਆਉਣ ਤੱਕ। ਕਿੰਨਾ ਸੁੰਦਰ ਹੈ!

48 ਕਲੀਸੀਆ ਜੌਨ ਵੈਜ਼ਲੀ ਦੁਆਰਾ ਆਈ, ਧਰਮੀਕਰਣ, ਜਾਂ...ਮਾਰਟਿਨ ਲੂਥਰ, ਧਰਮੀਕਰਣ; ਜੌਨ ਵੈਸਲੀ ਰਾਹੀਂ, ਪਵਿਤ੍ਰੀਕਰਣ ਆਇਆ; ਪੰਤੇਕੁਸਤ ਦੇ ਰਾਹੀਂ, ਪਵਿੱਤਰ ਆਤਮਾ ਦਾ ਬਪਤਿਸਮਾ ਆਇਆ; ਅਤੇ ਹੁਣ, ਆਰਾਮ ਕਰ ਰਹੀ ਹੈ, ਆਪਣੇ ਪ੍ਰਭੂ ਦੇ ਆਉਣ ਦੀ ਉਡੀਕ ਕਰ ਰਹੀ ਹਾਂ। ਬਿਲਕੁਲ!

49 ਸਾਡਾ ਨੇੜੇ ਦਾ ਸਾਕ ਮੁਕਤੀਦਾਤਾ, ਬਜ਼ੁਰਗ ਸਹੀ ਸਨ ਜਦੋਂ ਉਨ੍ਹਾਂ ਨੇ ਉਸਨੂੰ ਇੱਕ ਲੇਲਾ ਕਿਹਾ, ਜੋ ਸ਼ੇਰ ਬਣਨ ਵਾਲਾ ਸੀ, ਇੱਕ ਨਿਆਂ ਕਰਨ ਵਾਲਾ। ਉਹ ਇੱਕ ਲੇਲਾ ਸੀ, ਤੁਸੀਂ ਜਾਣਦੇ ਹੋ, ਜਿਸਦੇ ਕੋਲ ਸੱਤ-ਮੋਹਰਾਂ ਵਾਲੀ ਕਿਤਾਬ ਸੀ। ਜਦੋਂ ਕਿਤਾਬ ਲੈ ਲਈ ਗਈ, ਤਾਂ ਵਿਚੋਲਗੀ ਦਾ ਕੰਮ ਪੂਰਾ ਹੋ ਗਿਆ।

50 ਹੁਣ, ਤੀਜੇ ਅਧਿਆਇ ਵਿੱਚ, ਕਲੀਸਿਯਾ ਉੱਪਰ ਚਲੀ ਗਈ ਸੀ, ਪਰ ਹੁਣ ਛੁਟਕਾਰਾ ਪ੍ਰਗਟ ਹੋਣਾ ਹੈ, ਕਲੀਸਿਯਾ ਨੂੰ ਕਿਵੇਂ ਛੁਟਕਾਰਾ—ਛੁਡਾਇਆ ਗਿਆ ਸੀ, ਉਸ ਗੱਲ ਦਾ ਪ੍ਰਕਾਸ਼ਨ ਜੋ ਕਲੀਸਿਯਾਈ ਜੁੱਗ ਵਿੱਚ ਹੋਈ ਸੀ। ਦੇਖੋ, ਕਲੀਸਿਯਾ ਚਲੀ ਗਈ ਹੈ, ਇਸ ਲਈ ਉਹ ਹੁਣ ਦਿਖਾ ਰਿਹਾ ਹੈ, 5ਵੇਂ ਅਧਿਆਏ ਵਿੱਚ, ਉਸਨੇ ਇਹ ਕਿਵੇਂ ਕੀਤਾ, ਕੀ ਹੋਇਆ, ਉਸਨੇ ਕਲੀਸਿਯਾ ਨੂੰ ਕਿਵੇਂ ਮੋਹਰਬੰਦ ਦਿੱਤਾ। ਉਸਦੇ ਨਾਮ ਦਾ ਪ੍ਰਕਾਸ਼ਨ; ਪਾਣੀ ਦਾ ਬਪਤਿਸਮਾ, ਉਸਦੇ ਨਾਮ ਨੂੰ ਲੈ ਕੇ; ਅਨੰਤ ਜੀਵਨ; ਕੋਈ ਅਨੰਤ ਨਰਕ ਨਹੀਂ; ਸੱਪ ਦਾ ਵੰਸ਼; ਅਨੰਤ ਸੁਰੱਖਿਆ; ਸਾਰੇ ਮਹਾਨ ਸਿਧਾਂਤ, ਕਲੀਸਿਯਾ ਦਾ ਅੱਗੇਤਰਾ ਠਹਿਰਾਇਆ ਜਾਣਾ ਜੋ ਕਲੀਸਿਯਾ ਤੇ ਪ੍ਰਗਟ ਕੀਤਾ ਗਿਆ। ਉਹ ਦਿਖਾ ਰਿਹਾ ਹੈ ਕਿ ਉਸਨੇ ਇਹ ਕਿਵੇਂ ਕੀਤਾ।

51 ਹੁਣ, ਸਾਡੇ ਨੇੜੇ ਦਾ ਸਾਕ ਮੁਕਤੀਦਾਤਾ ਨੂੰ ਛੁਟਕਾਰੇ ਦੀ ਸੱਤ ਮੋਹਰਾਂ ਵਾਲੀ ਪੁਸਤਕ ਮੂਲ ਮਾਲਕ ਵੱਲੋਂ ਸੌਂਪੀ ਗਈ ਹੈ। ਆਮੀਨ! ਅਸੀਂ ਵੇਖਦੇ ਹਾਂ, ਕਿ ਮੂਲ ਮਾਲਕ, ਕੌਣ ਸੀ? ਪਰਮੇਸ਼ਰ ਖੁਦ। "ਅਤੇ ਲੇਲਾ ਆਇਆ ਅਤੇ ਉਸ ਪੋਥੀ ਨੂੰ ਉਸ ਦੇ ਸੱਜੇ ਹੱਥ ਵਿਚੋਂ ਲੈ ਲਿਆ ਜੋ ਸਿੰਘਾਸਨ ਉੱਤੇ ਬਿਰਾਜਮਾਨ ਸੀ।" ਉਹ ਲੇਲਾ ਕੌਣ ਸੀ? ਮੁਕਤੀਦਾਤਾ, ਸਾਡਾ ਨੇੜੇ ਦਾ ਸਾਕ, ਜੋ ਕਲੀਸਿਯਾ ਦਾ ਨੇੜੇ ਦਾ ਸਾਕ ਸੀ, ਜੋ ਆਇਆ ਅਤੇ ਇਸਰਾਏਲ ਨੂੰ ਛੁਟਕਾਰਾ ਦਿੱਤਾ।

52 ਹੁਣ ਅਸੀਂ ਅੱਜ ਸਵੇਰੇ ਉਸ ਵਿੱਚ ਜਾਵਾਂਗੇ। ਇਸਰਾਏਲ ਨੂੰ ਛੁਟਕਾਰਾ ਦਿੱਤਾ ਗਿਆ ਸੀ, ਪਰ ਇਹ ਉਨ੍ਹਾਂ ਤੇ ਲਾਗੂ ਨਹੀਂ ਹੋਇਆ, ਕਿਉਂਕਿ ਉਨ੍ਹਾਂ ਨੇ ਉਸਨੂੰ ਰੱਦ ਦਿੱਤਾ ਸੀ। ਪਰ, ਕਲੀਸਿਯਾ ਨੇ ਆਪਣਾ ਛੁਟਕਾਰਾ ਸਵੀਕਾਰ ਕਰ ਲਿਆ, ਅਤੇ ਉਹ ਸਾਡਾ ਛੁਡਾਉਣ ਵਾਲਾ ਨੇੜੇ ਦਾ ਸਾਕ ਹੈ। ਜਿਵੇਂ ਕਿ ਬੋਅਜ਼ ਨੂੰ ਨਾਓਮੀ ਨੂੰ ਛੁਡਾਉਣਾ ਪਿਆ, ਤਾਂ ਜੋ ਰੂਥ, ਮੋਆਬਣ, ਇੱਕ ਪਰਦੇਸਣ, ਇੱਕ ਪਰਾਈ ਕੌਮ ਨੂੰ ਪ੍ਰਾਪਤ ਕੀਤਾ ਜਾ ਸਕੇ, ਇਸ ਲਈ ਮਸੀਹ ਨੇ ਇਸਰਾਏਲ ਨੂੰ ਛੁਡਾਇਆ, ਛੁਟਕਾਰੇ ਨੂੰ ਲਾਗੂ ਕੀਤਾ, ਅਤੇ ਰੱਦ ਕਰ ਦਿੱਤਾ ਗਿਆ।

53 ਤੁਹਾਨੂੰ ਉਹ ਮਾਫ਼ੀ ਯਾਦ ਹੈ, ਕਿ ਉਸ ਆਦਮੀ ਨੂੰ ਗੋਲੀ ਮਾਰ ਦਿੱਤੀ ਗਈ ਸੀ, ਜੋ ਮੈਂ ਕਈ ਵਾਰ ਦੱਸਦਾ ਹਾਂ? ਗ੍ਰਹਿਯੁੱਧ ਦੇ ਦੌਰਾਨ, ਜਦੋਂ...ਉਹ ਇੱਕ ਭਲਾ ਆਦਮੀ ਸੀ। ਉਹ ਬੇਕਸੂਰ ਸੀ, ਪਰ ਉਸ ਨੂੰ ਦੋਸ਼ੀ ਪਾਇਆ ਗਿਆ ਸੀ। ਹਾਲਾਂਕਿ, ਉਹ ਇੱਕ ਤਰ੍ਹਾਂ ਨਾਲ ਦੋਸ਼ੀ ਸੀ, ਕਿ ਉਹ ਜੰਗ ਦੇ ਸਮੇਂ ਭੱਜ ਗਿਆ ਸੀ। ਅਤੇ ਉਨ੍ਹਾਂ ਨੇ ਉਸਨੂੰ ਦੋਸ਼ੀ ਪਾਇਆ ਅਤੇ ਉਸਨੂੰ ਗੋਲੀ ਮਾਰਨ ਜਾ ਰਹੇ ਸਨ। ਅਤੇ ਇੱਕ ਆਦਮੀ ਰਾਸ਼ਟਰਪਤੀ ਲਿੰਕਨ ਕੋਲ ਗਿਆ ਅਤੇ ਕਿਹਾ, "ਸ਼੍ਰੀ ਮਾਨ ਲਿੰਕਨ, ਇਹ ਇੱਕ ਮਸੀਹੀ ਆਦਮੀ ਹੈ। ਉਹ ਡਰ ਗਿਆ ਸੀ। ਉਹ ਲੜਕਾ, ਮੈਂ ਉਸਦੇ ਲੋਕਾਂ ਨੂੰ ਜਾਣਦਾ ਹਾਂ। ਉਹ ਬਸ ਡਰਿਆ ਹੋਇਆ ਸੀ। ਉਹ ਕੋਈ ਨੁਕਸਾਨ ਨਹੀਂ ਕਰਨਾ ਚਾਹੁੰਦਾ ਸੀ। ਉਹ ਭੱਜ ਗਿਆ ਸੀ।" ਕਿਹਾ, "ਸ਼੍ਰੀਮਾਨ ਲਿੰਕਨ, ਇਹ ਤੁਹਾਡੇ ਹੱਥਾਂ ਵਿੱਚ ਹੈ। ਤੁਸੀਂ ਹੀ ਉਸਨੂੰ ਮਾਫ਼ ਕਰ ਸਕਦੇ ਹੋ।"

ਮਿਸਟਰ ਲਿੰਕਨ ਨੇ ਕਾਗਜ਼ ਦਾ ਇੱਕ ਟੁਕੜਾ ਲਿਆ ਅਤੇ ਆਪਣੀ ਕਲਮ ਫੜੀ, ਅਤੇ ਦਸਤਖਤ ਕੀਤੇ, "ਇਸ *ਫਲਾਣੇ-ਫਲਾਣੇ* ਨੂੰ ਮਾਫ਼ ਕਰ ਦਿੱਤਾ ਜਾਵੇ। ਅਬਰਾਹਮ ਲਿੰਕਨ।"

ਉਹ ਆਦਮੀ ਦੌੜਦਾ ਹੋਇਆ ਜੇਲ੍ਹ ਪਹੁੰਚਿਆ, ਅਤੇ ਉਸ ਨੇ ਕਿਹਾ, "ਇਹ ਰਹੀ। ਮੈਂ ਤੇਰੇ ਲਈ ਮਾਫ਼ੀ ਲੈ ਆਇਆ ਹਾਂ।"

54 ਪਰ ਉਸ ਆਦਮੀ ਨੇ ਕਿਹਾ, "ਮੈਂ ਇਸ ਨੂੰ ਵੇਖਣ ਤੋਂ ਇਨਕਾਰ ਕਰਦਾ ਹਾਂ। ਜੇ ਇਹ ਅਸਲ ਹੁੰਦੀ ਤਾਂ ਇਸ ਉੱਤੇ ਇੱਕ ਵੱਡੀ ਮੋਹਰ ਹੁੰਦੀ। ਇਸ ਤੇ ਸਭ ਕੁਝ ਹੁੰਦਾ। ਤੂੰ ਬਸ ਮੇਰਾ ਮਜ਼ਾਕ ਉਡਾ ਰਿਹਾ ਹੈਂ। ਇਹ ਅਬਰਾਹਾਮ ਲਿੰਕਨ ਨਹੀਂ ਹੈ। ਕੋਈ ਵੀ ਉਸਦੇ ਨਾਮ ਦੇ ਦਸਤਖ਼ਤ ਕਰ ਸਕਦਾ ਹੈ। ਜੇਕਰ ਇਹ ਉਸ ਵਲੋਂ ਆਇਆ ਹੁੰਦਾ ਤਾਂ ਇਸ ਤੇ ਉਸ ਦੀ ਮੋਹਰ ਅਤੇ ਹੋਰ ਜ਼ਰੂਰੀ ਕਾਰਵਾਈ ਵਾਲੇ ਦਸਤਾਵੇਜ਼ ਹੋਣੇ ਲਾਜ਼ਮੀ ਸਨ।" ਉਸ ਆਦਮੀ ਨੇ ਉਸਨੂੰ ਮਨਾਉਣ ਦੀ ਕੋਸ਼ਿਸ਼ ਕੀਤੀ; ਪਰ ਜੇਲ੍ਹ ਵਿੱਚ ਬੈਠੇ ਆਦਮੀ ਨੇ ਸੋਚਿਆ ਕਿ

ਉਹ ਮਜ਼ਾਕ ਕਰ ਰਿਹਾ ਹੈ, ਅਤੇ ਉਹ ਉਥੋਂ ਚਲਿਆ ਗਿਆ।

ਅਗਲੀ ਸਵੇਰ ਨੂੰ, ਉਸਨੂੰ ਗੋਲੀ ਮਾਰ ਦਿੱਤੀ ਗਈ। ਅਤੇ ਜਦ ਉਸਨੂੰ ਗੋਲੀ ਮਾਰ ਦਿੱਤੀ ਗਈ, ਤਾਂ ਇਸ ਮਾਮਲੇ ਉੱਤੇ ਫੈਡਰਲ ਕੋਰਟ ਵਿੱਚ ਮੁੱਕਦਮਾ ਚਲਾਇਆ ਗਿਆ, ਕਿਉਂਕਿ ਅਬ੍ਰਾਹਮ ਲਿੰਕਨ ਨੇ, ਉਸਨੂੰ ਗੋਲੀ ਮਾਰੇ ਜਾਣ ਤੋਂ ਚੌਵੀ ਘੰਟੇ ਪਹਿਲਾਂ, ਆਪਣੇ ਹਸਤਾਖਰ ਕਰਕੇ ਲਿਖ ਦਿੱਤਾ ਸੀ ਕਿ ਇਹ ਆਦਮੀ ਮਾਫ ਕੀਤਾ ਗਿਆ ਹੈ। ਪਰ ਫਿਰ ਵੀ, ਸਰਕਾਰ ਨੇ ਉਸਨੂੰ ਗੋਲੀ ਮਾਰ ਦਿੱਤੀ। ਹੁਣ ਕੀ? ਫਿਰ ਸੰਯੁਕਤ ਰਾਜ ਅਮਰੀਕਾ ਦੀ ਫੈਡਰਲ ਅਦਾਲਤ ਨੇ, ਕਿਹਾ, ਫੈਡਰਲ ਅਦਾਲਤ ਇਸ ਫੈਂਸਲੇ ਤੇ ਪਹੁੰਚੀ ਹੈ, ਕਿਹਾ, “ਇੱਕ ਮਾਫੀ, ਮਾਫੀ ਨਹੀਂ ਮੰਨੀ ਜਾਂਦੀ ਜਦ ਤੱਕ ਉਹ ਮਾਫੀ ਵਜੋਂ ਸਵੀਕਾਰ ਨਾ ਕੀਤੀ ਜਾਵੇ।”

55 ਅਤੇ ਯਿਸੂ ਨੇ ਕਲਵਰੀ ਉੱਤੇ ਇਜ਼ਰਾਈਲ ਨੂੰ ਛੁਡਾ ਲਿਆ ਸੀ। ਪਰ ਉਹਨਾਂ ਲਈ ਇਹ ਮਾਫੀ ਨਹੀਂ ਬਣੀ, ਕਿਉਂਕਿ ਉਹਨਾਂ ਨੇ ਇਸਨੂੰ ਮਾਫੀ ਵਜੋਂ ਸਵੀਕਾਰ ਹੀ ਨਹੀਂ ਕੀਤਾ। ਪਰ, ਹੁਣ ਸੱਤਰ ਸਾਤਿਆਂ ਵਾਲੇ ਇਸ ਪਾਠ ਵਿੱਚ ਅਸੀਂ ਵੇਖਦੇ ਹਾਂ ਕਿ ਉਹ ਮੁੜ ਆਉਂਦੇ ਹਨ ਅਤੇ ਆਪਣੀ ਮਾਫੀ ਸਵੀਕਾਰ ਕਰਦੇ ਹਨ। ਪਰ, ਯਿਸੂ ਨੇ ਕਲੀਸਿਆ ਨੂੰ ਛੁਟਕਾਰਾ ਦਿੱਤਾ, ਫਿਰ ਅਸੀਂ ਮਾਫ ਕੀਤੇ ਗਏ ਕਿਉਂਕਿ ਅਸੀਂ ਯਿਸੂ ਮਸੀਹ ਦੇ ਲਹੂ ਨੂੰ ਆਪਣੀ ਮਾਫੀ ਵਜੋਂ ਸਵੀਕਾਰ ਕਰ ਲਿਆ ਹੈ।

56 ਹੁਣ, ਅਸੀਂ ਦੇਖਦੇ ਹਾਂ ਕਿ ਉਹ ਸਾਡਾ ਨੇੜੇ ਦਾ ਸਾਕ ਮੁਕਤੀਦਾਤਾ ਸੀ, ਅਤੇ ਉਸਨੇ ਮੂਲ ਮਾਲਕ ਦੇ ਹੱਥੋਂ ਪੁਸਤਕ ਨੂੰ ਲੈ ਲਿਆ ਸੀ। ਇਹ ਛੁਟਕਾਰੇ ਦਾ ਵਸੀਅਤਨਾਮਾ ਹੈ। ਸਾਨੂੰ ਪਤਾ ਲੱਗਦਾ ਹੈ। ਕੀ ਤੁਹਾਨੂੰ ਉਹ ਅਧਿਐਨ ਯਾਦ ਹੈ? ਇਹ ਛੁਟਕਾਰੇ ਦਾ ਵਸੀਅਤਨਾਮਾ ਹੈ। ਇਹ ਇਸਦੇ ਨਾਲ ਇੱਕ ਅਮੂਰਤ ਕੰਮ ਹੈ, ਕਿ ਪਰਮੇਸ਼ੁਰ ਨੇ ਅਦਨ ਦੇ ਬਾਗ਼ ਵਿੱਚ ਮੌਤ ਦੇ ਬਦਲੇ ਜੀਵਨ ਦੀ ਮੰਗ ਕੀਤੀ ਸੀ। ਫਿਰ, ਯਿਸੂ, ਜੋ ਧਰਮੀ ਸੀ, ਮਰ ਗਿਆ ਅਤੇ ਇੱਕ ਮਾਲਕੀ ਦਸਤਾਵੇਜ਼ ਲੈ ਲਿਆ, ਅਤੇ ਮੋਹਰਾਂ ਨੂੰ ਤੋੜਨ ਦੇ ਯੋਗ ਨਿਕਲਿਆ, ਉਨ੍ਹਾਂ ਵਿੱਚ ਕੀ ਸੀ, ਇਹ ਪ੍ਰਗਟ ਕੀਤਾ; ਅਤੇ ਵਿਰਾਸਤ ਆਪਣੇ ਲੋਕਾਂ ਨੂੰ ਦਿੱਤੀ, ਜੋ ਉਸਦੀ ਸੀ। ਸਦੀਪਕ ਜੀਵਨ, ਜੋ ਉਸਨੇ ਅਜਿਹਾ ਕਰਕੇ ਵਿਰਾਸਤ ਵਿੱਚ ਪ੍ਰਾਪਤ ਕੀਤਾ, ਉਸਨੇ ਆਪਣਾ ਜੀਵਨ ਉੱਥੇ, ਕਲਵਰੀ ਉੱਤੇ ਦੇ ਦਿੱਤਾ, ਅਤੇ ਪਵਿੱਤਰ ਆਤਮਾ ਦੁਆਰਾ ਸਾਡੇ ਵਿੱਚ ਵੰਡ ਦਿੱਤਾ। ਆਮੀਨ! ਕੋਈ ਵੀ ਆਦਮੀ (ਕਦੇ) ਉਸ ਪਿਆਰ ਬਾਰੇ ਸੋਚ ਵੀ ਨਹੀਂ ਸਕਿਆ ਜੋ ਉਹ ਸੀ, ਜੋ ਉਸਨੇ ਕੀਤਾ ਸੀ!

57 ਸ਼ੈਤਾਨ, ਜੋ ਕਿ ਬਾਗ਼ ਵਿੱਚ ਡਿੱਗਣ ਕਾਰਨ ਇੱਕ ਸਮੇਂ ਦਾ ਮਾਲਕ ਬਣ

ਬੈਠਾ ਸੀ, ਬੰਨ੍ਹਿਆ ਗਿਆ ਹੈ ਅਤੇ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ ਹੈ। ਉਸਦੇ ਦਿਨ ਖਤਮ ਹੋ ਗਏ ਹਨ।

58 ਇੰਜੀਲ ਵਿੱਚ ਯਿਸੂ ਦੇ ਚਾਰ ਸਿਰਲੇਖ ਸਨ। ਅਸੀਂ ਉਹ ਸਮਝ ਲਿਆ ਹੈ। ਦਾਊਦ ਦਾ ਪੁੱਤਰ, ਤਖਤ ਦਾ ਵਾਰਸ; ਅਬਰਾਹਾਮ ਦਾ ਪੁੱਤਰ, ਸ਼ਾਹੀ ਦਾਨ; ਮਨੁੱਖ ਦਾ ਪੁੱਤਰ, ਧਰਤੀ ਦਾ ਵਾਰਸ; ਪਰਮੇਸ਼ੁਰ ਦਾ ਪੁੱਤਰ, ਸਭ ਚੀਜ਼ਾਂ ਦਾ ਵਾਰਸ। ਸ਼ਾਹੀ ਦਾਨ!

59 ਪੁਰਾਣੇ ਨੇਮ ਵਿਚ, ਜਾਇਦਾਦ ਕਿਸੇ ਵਿਅਕਤੀ ਕੋਲ ਪੰਜਾਹ ਸਾਲ ਤੋਂ ਵੱਧ ਸਮੇਂ ਲਈ ਨਹੀਂ—ਨਹੀਂ ਰਹਿ ਸਕਦੀ ਸੀ। ਇਹ ਅਸਲ ਮਾਲਕ ਤੋਂ ਪੰਜਾਹ ਸਾਲਾਂ ਤੋਂ ਪਹਿਲਾਂ ਨਹੀਂ ਲਈ ਜਾ ਸਕਦੀ ਸੀ, ਅਤੇ ਚਾਲੀਵੇਂ ਦਿਨ ਉੱਤੇ ਉਸ ਨੇ ਕੀਮਤ ਅਦਾ ਕਰ ਦਿੱਤੀ। ਪੰਜਾਹਵੇਂ ਦਿਨ, ਉਹ ਮੁਕਤੀ ਅਤੇ ਸ਼ਕਤੀ, ਜੋ ਕਲੀਸਿਯਾ ਦੀ ਸੀ, ਜੋ ਅਦਨ ਦੇ ਬਾਗ ਵਿੱਚ ਗੁਆ ਦਿੱਤੀ ਗਈ ਸੀ, ਉਹ ਛੁਡਾ ਕੇ ਵਾਪਸ ਲੈ ਲਈ ਗਈ, ਅਤੇ ਪੰਜਾਹਵੇਂ ਦਿਨ ਸਾਡੇ ਲਈ ਪਵਿੱਤਰ ਆਤਮਾ ਦੇ ਬਪਤਿਸਮੇ ਰਾਹੀਂ ਭੇਜ ਦਿੱਤੀ ਗਈ।

60 ਤਦ ਅਸੀਂ ਇਹ ਪੋਥੀ ਚੁੱਕ ਲਈ। ਅਸੀਂ ਪੋਥੀ ਚੁੱਕ ਲਈ, ਅਸੀਂ ਵੇਖਿਆ ਕਿ ਕਿਵੇਂ ਇਹ ਪੋਥੀ ਉਸ ਦੇ ਹੱਥ ਵਿਚ ਦਿੱਤੀ ਗਈ। ਯਿਰਮਿਯਾਹ 32:6 ਵਿੱਚ, ਯਿਰਮਿਯਾਹ ਨੇ ਕਿਵੇਂ, ਉਸਦੇ ਚਚੇਰੇ ਭਰਾ, ਹਨਾਮੀਲ ਨੇ, ਉਸ ਲਈ ਕੋਈ ਵਾਰਸ ਛੱਡ ਦਿੱਤਾ ਸੀ। ਅਤੇ ਉਹ ਕੈਦ ਵਿੱਚ ਜਾ ਰਹੇ ਸਨ। ਜਿਸ ਵਿੱਚ, ਅਸੀਂ ਅੱਜ ਸਵੇਰੇ ਉਸਦੇ ਨਾਲ ਜਾ ਰਹੇ ਹਾਂ: ਕੈਦ ਵਿੱਚ। ਅਤੇ ਇਸਨੂੰ ਇੱਕ ਮਿੱਟੀ ਦੇ ਭਾਂਡੇ ਵਿੱਚ ਰੱਖਿਆ ਗਿਆ ਸੀ; ਇਹ ਦਰਸਾਉਂਦਾ ਹੈ ਕਿ ਪਰਮੇਸ਼ੁਰ ਦੀ ਸ਼ਕਤੀ, ਅਤੇ ਪੋਥੀਆਂ ਅਤੇ ਪਰਮੇਸ਼ੁਰ ਦੇ ਭੇਤ, ਦਿਲ ਵਿੱਚ ਕਿੱਥੇ ਜਾਣੇ ਜਾਂਦੇ ਹਨ। ਸਾਡੀ ਮੁਕਤੀ ਦੀ ਯੋਜਨਾ, ਇਹੀ ਧਰਤੀ ਦੇ ਭਾਂਡਿਆਂ ਵਿੱਚ ਰੱਖੀ ਜਾ ਰਹੀ ਹੈ, ਯਿਸੂ ਦਾ ਨਾਮ ਅਤੇ ਪ੍ਰਕਾਸ਼ਨ।

61 ਸਾਨੂੰ ਪਤਾ ਲੱਗਦਾ ਹੈ ਕਿ ਇਹ ਸੱਤ ਮੋਹਰਾਂ ਨਾਲ ਮੋਹਰਬੰਦ ਕੀਤਾ ਗਿਆ ਸੀ, ਅਤੇ ਹਰੇਕ ਮੋਹਰ ਦੁਆਲੇ ਲਪੇਟੀ ਹੋਈ ਸੀ। ਅਤੇ ਜਿਵੇਂ ਹੀ ਪ੍ਰਕਾਸ਼ਨ ਆਇਆ, ਉਸਨੇ ਮੋਹਰ ਖਿੱਚੀ, ਅਤੇ ਇਸਨੂੰ ਖੋਲ੍ਹ ਦਿੱਤਾ ਅਤੇ ਉਹ ਪੜ੍ਹਿਆ ਜੋ ਉਹ ਮੋਹਰ ਕਹਿ ਰਹੀ ਸੀ। ਫਿਰ ਉਸਨੇ ਅਗਲੀ, ਪੱਤਰੀ ਨੂੰ ਖੋਲ੍ਹਿਆ, ਅਤੇ ਪੜ੍ਹਿਆ ਕਿ ਉਸ ਮੋਹਰ ਨੇ ਕੀ ਕਿਹਾ ਸੀ। ਫਿਰ ਅਗਲੀ ਨੂੰ ਖੋਲਿਆ, ਇਸ ਨੂੰ ਖਿੱਚਿਆ ਅਤੇ ਵੇਖਿਆ ਕਿ ਮੋਹਰ ਨੇ ਕੀ ਕਿਹਾ ਸੀ, ਅਤੇ ਪ੍ਰਕਾਸ਼ਨ ਕੀ ਸੀ। ਇਹੀ ਉਹੀ ਹੈ ਜੋ ਸਾਡਾ ਯਕੀਨ ਹੈ ਕਿ ਸਾਡੀਆਂ ਸੱਤ ਮੋਹਰਾਂ ਕਰਨਗੀਆਂ, ਜਿਨ੍ਹਾਂ ਵਿੱਚ ਅਸੀਂ ਜਲਦੀ ਹੀ ਜਾ ਰਹੇ ਹਾਂ। ਹਰੇਕ ਮੋਹਰ, ਜਦੋਂ ਇਸਨੂੰ ਕਿਤਾਬ ਤੋਂ ਹਟਾਇਆ ਜਾਵੇਗਾ, ਤਾਂ ਇਸ ਨੂੰ ਖੋਲ੍ਹਿਆ

ਜਾਵੇਗਾ, ਅਤੇ ਇਹ ਬਿਲਕੁਲ ਉਹੀ ਦਿਖਾਏਗਾ ਜੋ ਹੋਇਆ ਸੀ।

62 ਸਾਨੂੰ ਪਤਾ ਲੱਗਦਾ ਹੈ ਕਿ ਉੱਥੇ "ਸੱਤ" ਹੈ, ਛੁੱਟਕਾਰੇ ਦੀ ਯੋਜਨਾ ਵਿੱਚ ਪੰਜ ਹੈ। ਉਹ ਸੰਖਿਆ ਪੰਜ ਹੀ ਹੈ। ਅਤੇ ਉੱਥੇ ਪੰਜ ਸੱਤ ਹਨ: ਸੱਤ ਮੋਹਰਾਂ, ਸੱਤ ਆਤਮਾਵਾਂ, ਸੱਤ ਦੂਤ, ਸੱਤ ਤੁਰ੍ਹੀਆਂ, ਅਤੇ ਸੱਤ ਕਲੀਸਿਯਾਈ ਯੁੱਗ। ਇਸ ਲਈ, ਤੁਸੀਂ ਦੇਖਦੇ ਹੋ, ਪੰਜ ਸਾਤੇ ਕਿਰਪਾ ਹਨ। ਪੰਜ ਕਿਰਪਾ ਹੈ, ਅਤੇ ਸੱਤ ਸੰਪੂਰਨਤਾ ਹੈ। ਤਾਂ ਇਹ ਬਿਲਕੁਲ ਸਹੀ ਢੰਗ ਨਾਲ ਚੱਲ ਰਿਹਾ ਹੈ, ਦੇਖੋ। ਠੀਕ ਹੈ।

63 ਜਿਵੇਂ, ਹਰ ਮੋਹਰ ਜੋ ਪਰਮੇਸ਼ੁਰ ਦੇ ਵਚਨ ਵਿੱਚ ਖੁੱਲ੍ਹਦੀ ਹੈ, ਉਸ ਯੁੱਗ ਦੇ ਮਨੁੱਖ ਨੂੰ ਪ੍ਰਗਟ ਕਰਦੀ ਹੈ, ਕਿ ਅਸੀਂ ਕਿਸ ਯੁੱਗ ਵਿੱਚ ਰਹਿ ਰਹੇ ਹਾਂ, ਯੁੱਗ ਦੀ ਆਤਮਾ, ਯੁੱਗ ਦੀ ਕਲੀਸਿਯਾ। ਪਰਕਾਸ਼ ਦੀ ਪੋਥੀ 10, ਅੰਤ ਵਿੱਚ, ਅਸੀਂ ਦੇਖਦੇ ਹਾਂ ਕਿ ਜਦੋਂ ਆਖਰੀ ਮੋਹਰ ਤੋੜੀ ਗਈ, ਸਾਨੂੰ ਪਤਾ ਲੱਗਦਾ ਹੈ ਕਿ ਦੂਤ ਇੱਕ ਪੈਰ ਧਰਤੀ ਤੇ ਰੱਖ ਕੇ ਖੜ੍ਹਾ ਹੈ, ਅਤੇ ਇੱਕ ਸਮੁੰਦਰ ਉੱਤੇ, ਉਸਦੇ ਹੱਥ ਸਵਰਗ ਵੱਲ ਹਨ, ਅਤੇ ਉਸਦੇ ਸਿਰ ਉੱਤੇ ਇੱਕ ਮੇਘ ਧਨੁਖ ਸੀ, ਜਿਹੜਾ ਜੁੱਗੋ ਜੁੱਗ ਜੀਉਂਦਾ ਹੈ, ਉਹ ਦੀ ਸੌਂਹ ਖਾਧੀ ਭਈ ਹੋਰ ਚਿਰ ਨਹੀਂ ਲੱਗੇਗਾ, ਜਦੋਂ ਆਖਰੀ ਮੋਹਰ ਤੋੜੀ ਗਈ। ਅਤੇ ਤੁਸੀਂ ਉਦੋਂ ਤਕ ਰੁਕੋ ਜਦ ਤਕ ਅਸੀਂ ਉਨ੍ਹਾਂ ਮੋਹਰਾਂ ਅੰਦਰ ਨਹੀਂ ਜਾਂਦੇ ਅਤੇ ਵੇਖਦੇ ਹਾਂ ਕਿ ਉਹ ਮੋਹਰ ਕਿੱਥੇ ਹੈ।

ਜਦ ਤੁਸੀਂ ਸਤਰ ਸਾਤਿਆਂ ਨੂੰ ਲੱਭ ਲਵੋਗੇ, ਤਦ ਵੇਖੋ ਕਿ ਮੋਹਰਾਂ ਕਿੱਥੇ ਕਹਿ ਰਹੀਆਂ ਹਨ ਕਿ, "ਸਮਾਂ ਖਤਮ ਹੋ ਗਿਆ ਹੈ," ਛੁਟਕਾਰਾ ਖਤਮ ਹੋ ਗਿਆ ਹੈ, ਉਹ ਹੁਣ ਸ਼ੇਰ ਅਤੇ ਨਿਆਂਈ ਹੈ। ਉਹ ਅੱਜ ਸਵੇਰੇ ਤੁਹਾਡਾ ਮੁਕਤੀਦਾਤਾ ਹੈ, ਪਰ ਇੱਕ ਦਿਨ ਉਹ ਤੁਹਾਡਾ ਨਿਆਂਈ ਹੋਵੇਗਾ।

64 8ਵੀਂ ਤੋਂ ਪਹਿਲੀ ਤੱਕ...5ਵੇਂ ਅਧਿਆਇ ਦੀ 14ਵੀਂ ਆਇਤ, ਲੇਲੇ ਦੀ ਉਪਾਸਨਾ ਕੀਤੇ ਜਾਣ ਦੇ ਸਮੇਂ ਨੂੰ ਪ੍ਰਗਟ ਕਰਦੀ ਹੈ, ਸਵਰਗ ਅਤੇ ਧਰਤੀ ਦੋਵਾਂ ਵਿੱਚ; ਸੱਤ ਮੋਹਰਾਂ ਦੀ ਕਿਤਾਬ, ਯੋਗ ਲੇਲਾ, ਨੇੜੇ ਦਾ ਸਾਕ ਮੁਕਤੀਦਾਤਾ। ਅਤੇ 8ਵੀਂ ਆਇਤ ਤੋਂ ਲੈ ਕੇ 14ਵੀਂ ਆਇਤ ਤੱਕ, ਦੂਤ ਉਸਦੀ ਉਪਾਸਨਾ ਕਰਦੇ ਹਨ, ਬਜ਼ੁਰਗ ਉਸਦੀ ਉਪਾਸਨਾ ਕਰਦੇ ਹਨ, ਜਿਉਂਦੇ ਜੀਵ ਉਸਦੀ ਉਪਾਸਨਾ ਕਰਦੇ ਹਨ। ਅਤੇ ਯੂਹੰਨਾ ਨੇ ਉਸਦੀ ਇੰਨੀ ਉਪਾਸਨਾ ਕੀਤੀ ਕਿ ਉਹ ਕਹਿਣ ਲੱਗਾ, "ਸਵਰਗ ਵਿੱਚ, ਧਰਤੀ ਵਿੱਚ, ਧਰਤੀ ਦੇ ਹੇਠਾਂ ਹਰ ਪ੍ਰਾਣੀ ਨੇ, ਮੈਨੂੰ ਕਹਿੰਦੇ ਸੁਣਿਆ, 'ਅਸੀਸਾਂ, ਮਹਿਮਾ, ਸਮਰੱਥਾ, ਬੁੱਧ ਲੇਲੇ ਨੂੰ ਮਿਲੇ।'" ਰਾਜਾ ਲੇਲੇ ਦੀ ਉਪਾਸਨਾ ਦਾ ਸਮਾਂ। ਹੁਣ, ਕਲੀਸਿਯਾ ਜਾ ਚੁੱਕੀ ਹੈ, ਯਾਦ ਰੱਖੋ।

65 ਹੁਣ ਆਓ ਦਾਨੀਏਲ, ਅਤੇ 9ਵੇਂ ਅਧਿਆਇ, ਅਤੇ ਪਹਿਲੀ ਤੋਂ ਤੀਸਰੀ ਆਇਤ ਵੱਲ ਮੁੜੀਏ। ਅਤੇ ਫਿਰ ਅਸੀਂ 20ਵੀਂ ਤੋਂ 27ਵੀਂ ਤੱਕ ਲਵਾਂਗੇ, ਕਿਉਂਕਿ ਇਹ ਸਿਰਫ਼ ਦਾਨੀਏਲ ਦੀ ਪ੍ਰਾਰਥਨਾ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਹੁਣ ਹਫ਼ਤੇ ਭਰ, ਵਾਰ-ਵਾਰ ਪੜ੍ਹੋ, ਹੁਣ, ਜਦੋਂ ਤੱਕ ਤੁਹਾਨੂੰ ਇਹ ਸਮਝ ਨਾ ਆਵੇ।

ਅਹਸ਼ਵੇਰੋਸ਼ ਦੇ ਪੁੱਤ੍ਰ ਦਾਰਾ ਦੇ ਪਹਿਲੇ ਵਰ੍ਹੇ ਵਿੱਚ...ਜੋ ਮਾਦੀ ਵੰਸ ਦਾ ਸੀ, ਨਾਲੇ ਕਸਦੀਆਂ ਦੇ ਰਾਜ ਉੱਤੇ ਰਾਜਾ ਠਹਿਰਾਇਆ ਹੋਇਆ ਸੀ;

ਉਸ ਦੇ ਰਾਜ ਦੇ ਪਹਿਲੇ ਵਰ੍ਹੇ ਵਿੱਚ ਮੈਂ ਦਾਨੀਏਲ...ਨੇ ਪੋਥੀਆਂ ਵਿਚੋਂ ਉਨ੍ਹਾਂ ਦਾ ਲੇਖਾ ਜਾਣਿਆ ਕਿ ਉਹ ਗਿਣਤੀ...ਵਰ੍ਹੇ, ਜਿਨ੍ਹਾਂ ਲਈ ਯਹੋਵਾਹ ਦੀ ਬਾਣੀ ਯਿਰਮਿਯਾਹ ਨਬੀ ਨੂੰ ਆਈ ਸੀ, ਭਈ ਓਹ ਯਰੂਸ਼ਲਮ ਦੇ ਉੱਜੜਨ ਦੇ ਸੱਤਰ ਵਰ੍ਹੇ ਪੂਰੇ ਹੋਣ,

ਹੁਣ (ਅਗਲੀ ਆਇਤ) ਮੈਂ ਆਪਣਾ ਮੂੰਹ ਪ੍ਰਭੂ ਪਰਮੇਸ਼ੁਰ ਵੱਲ ਕੀਤਾ ਅਤੇ ਬੇਨਤੀਆਂ ਤਰਲੇ ਕਰ ਕੇ, ਅਰ ਵਰਤ ਰੱਖ ਕੇ ਤੱਪੜ ਅਰ ਸੁਆਹ ਸਣੇ ਉਹ ਦੀ ਭਾਲ ਕੀਤੀ:

*...ਮੈਂ **ਯਹੋਵਾਹ**...ਆਪਣੇ ਪਰਮੇਸ਼ੁਰ ਅੱਗੇ ਅਰਦਾਸ ਕੀਤੀ ਨਾਲੇ ਮੈਂ ਮੰਨ ਲਿਆ ਅਤੇ ਆਖਿਆ,...*

66 ਅਤੇ ਇਸ ਤਰ੍ਹਾਂ ਜਾਰੀ ਰੱਖਦਾ ਹੈ, ਜਦ ਤੱਕ ਅਸੀਂ 20ਵੀਂ ਆਇਤ ਤੇ ਨਹੀਂ ਪਹੁੰਚ ਜਾਂਦੇ। ਖੜ੍ਹੇ ਲੋਕਾਂ ਦਾ ਸਮਾਂ ਬਚਾਉਣ ਲਈ, ਮੈਂ ਚਾਹੁੰਦਾ ਹਾਂ ਕਿ ਤੁਸੀਂ 20ਵੀਂ ਤੱਕ ਪਹੁੰਚ ਜਾਓ, ਜਦੋਂ ਤੱਕ ਅਸੀਂ ਹੁਣ ਹੇਠਾਂ 20ਵੀਂ ਆਇਤ ਤਕ—ਤਕ ਨਹੀਂ ਪਹੁੰਚ ਜਾਂਦੇ।

*ਅਤੇ ਜਦ ਮੈਂ ਇਹ ਕਹਿੰਦਾ ਹੀ ਸਾਂ, ਅਤੇ ਪ੍ਰਾਰਥਨਾ ਕਰਦਾ ਅਤੇ ਆਪਣਿਆਂ ਪਾਪਾਂ ਅਤੇ ਆਪਣੇ ਲੋਕ ਇਸਰਾਏਲੀਆਂ ਦੇ ਪਾਪਾਂ ਨੂੰ ਮੰਨਦਾ ਹੀ ਸਾਂ, ਅਤੇ **ਯਹੋਵਾਹ** ਆਪਣੇ ਪਰਮੇਸ਼ੁਰ ਦੇ ਅੱਗੇ ਆਪਣੇ ਪਰਮੇਸ਼ੁਰ ਦੇ ਪਵਿੱਤ੍ਰ ਪਹਾੜ ਲਈ ਆਪਣੇ ਤਰਲੇ ਪਾਉਂਦਾ ਹੀ ਸਾਂ;*

ਫਿਰ ਵੀ, ਜਦ, ਪ੍ਰਾਰਥਨਾ ਕਰਦੇ ਹੀ ਮੇਰੇ ਮੂੰਹੋਂ ਗੱਲਾਂ ਹੋ ਰਹੀਆਂ ਜਾਂ ਉਹ ਜਣਾ ਅਰਥਾਤ ਜਬਰਾਈਲ ਜਿਹ ਨੂੰ ਮੈਂ ਪਹਿਲੋਂ ਪਹਿਲੇ ਦਰਸ਼ਣ ਵਿੱਚ ਡਿੱਠਾ ਸੀ, ਸ਼ੁਰੂ...ਆਗਿਆ ਦੇ ਅਨੁਸਾਰ ਛੇਤੀ ਉੱਡ ਕੇ ਆਇਆ ਅਤੇ ਮੈਨੂੰ ਤ੍ਰਿਕਾਲਾਂ ਦੀ ਭੇਟ ਝੜਾਉਣ ਦੇ ਵੇਲੇ ਛੋਹਿਆ।

ਅਤੇ ਉਹ ਨੇ ਮੈਨੂੰ ਖਬਰ ਦਿੱਤੀ ਅਤੇ ਮੇਰੇ ਨਾਲ ਗੱਲਾਂ ਕੀਤੀਆਂ ਅਤੇ ਆਖਿਆ, ਹੇ ਦਾਨੀਏਲ, ਹੁਣ ਮੈਂ ਇਸ ਲਈ ਨਿੱਕਲ ਆਇਆ ਹਾਂ ਜੋ ਤੈਨੂੰ ਬੁੱਧਵਾਨ ਅਤੇ ਸਿਆਣਾ ਬਣਾਵਾਂ।

67 ਕੀ ਹੁੰਦਾ ਜੇ ਅਸੀਂ ਉੱਥੇ ਹੁੰਦੇ! ਉਹ ਉਸਨੂੰ ਕਿਵੇਂ ਲੱਭਿਆ? ਪ੍ਰਾਰਥਨਾ ਵਿੱਚ।

ਦੂਤ, "ਉਹ ਆਦਮੀ।" ਤੁਸੀਂ ਧਿਆਨ ਦਿਓ, ਉਸਨੇ ਉਸਨੂੰ "ਆਦਮੀ" ਕਿਹਾ। ਅਤੇ ਹੋਣ ਕਰਕੇ...

ਅਤੇ ਜਿਸ ਵੇਲੇ ਮੈਂ ਬੇਨਤੀ ਕਰਨ ਲੱਗਾ ਉਸ ਵੇਲੇ ਇਹ ਆਗਿਆ ਨਿੱਕਲੀ (ਆਗਿਆ ਉਸਦੇ ਲਈ ਨਿਕਲੀ ਕਿ ਉਹ ਜਾਵੇ), *ਅਤੇ ਮੈਂ ਆਇਆ ਜੋ ਤੈਨੂੰ ਵਿਖਾਵਾਂ; ਕਿਉਂ ਜੋ ਤੂੰ ਵੱਡਾ ਪਿਆਰਾ ਹੈਂ:* ਜੇ...*ਸੋ ਇਸ ਗੱਲ ਨੂੰ ਜਾਣ, ਅਤੇ ਇਸ ਦਰਸ਼ਣ ਨੂੰ ਸਮਝ।*

ਸੱਤਰ ਸਾਤੇ ਤੇਰੇ ਲੋਕਾਂ ਅਤੇ ਤੇਰੇ ਪਵਿੱਤ੍ਰ ਸ਼ਹਿਰ, ਜਾਂ ਤੇਰੇ ਸ਼ਹਿਰ *ਲਈ ਠਹਿਰਾਏ ਗਏ ਹਨ, ਭਈ ਉਸ ਸਮੇਂ ਵਿੱਚ ਉਹ ਉਸ ਅਪਰਾਧ ਨੂੰ ਮੁਕਾਏ...ਅਤੇ ਪਾਪਾਂ ਦਾ ਅੰਤ ਕਰੇ, ਅਤੇ ਬੁਰਿਆਈ ਦਾ ਪਰਾਸਚਿਤ ਕਰੇ, ਅਤੇ ਸਦਾ ਦਾ ਧਰਮ ਲਿਆਵੇ ਅਤੇ ਦਰਿਸ਼ਟ ਅਰ ਅਗੰਮ ਵਾਕ ਉੱਤੇ ਮੋਹਰ ਲਾਵੇ ਅਤੇ ਅੱਤ ਪਵਿੱਤ੍ਰ ਨੂੰ ਮਸਹ ਕਰੇ।*

ਇੱਥੇ ਉਸ ਦੇ ਆਉਣ ਪਿੱਛੇ ਦੇ ਛੇ ਮਕਸਦ ਹਨ। ਹੁਣ ਧਿਆਨ ਦਿਓ।

ਸੋ, ਹੁਣ, ਤੂੰ ਜਾਣ ਅਤੇ ਸਮਝ ਲੈ, (ਹੁਣ ਸੁਣੋ) ਕਿ ਜਿਸ ਵੇਲੇ ਤੋਂ ਯਰੂਸ਼ਲਮ ਦੇ ਦੂਜੀ ਵਾਰ ਉਸਾਰਨ ਦੀ ਆਗਿਆ ਨਿੱਕਲੇਗੀ ਅਤੇ ਯਰੂਸ਼ਲਮ ਦੇ ਉਸਾਰਨ...ਮਸੀਹ ਰਾਜ ਪੁੱਤ੍ਰ ਤੀਕਰ ਸੱਤ ਸਾਤੇ ਹੋਣਗੇ,...ਅਤੇ ਬਾਹਠ ਸਾਤੇ: ਅਤੇ ਉਹ ਬਜ਼ਾਰ ਧੂੜਕੋਟ ਸਣੇ ਬਣਾਇਆ ਜਾਵੇਗਾ ਪਰ ਔਖਿਆਈ ਦੇ ਦਿਨਾਂ ਵਿੱਚ।

...ਬਾਹਠਾਂ ਸਾਤਿਆਂ ਦੇ ਪਿੱਛੋਂ ਮਸੀਹ ਵੱਢਿਆ ਜਾਏਗਾ, ਪਰ ਆਪਣੇ ਲਈ ਨਹੀਂ: ਅਤੇ ਉਸ ਪਾਤਸ਼ਾਹ ਦੇ ਲੋਕ ਜੋ ਆਉਣਗੇ— ਜਿਹੜਾ ਪਾਤਸ਼ਾਹ ਆਵੇਗਾ...ਉਹ ਸ਼ਹਿਰ ਅਰ ਪਵਿੱਤ੍ਰ ਥਾਂ ਨੂੰ ਉਜਾੜਨਗੇ; ਅਤੇ ਹੜ੍ਹ ਦੇ ਜ਼ੋਰ ਨਾਲ ਉਹ ਦਾ ਛੇਕੜ ਹੋਵੇਗਾ,... ਅਤੇ ਅੰਤ ਤੀਕਰ ਲੜਾਈ ਰਹੇਗੀ ਅਤੇ ਠਹਿਰਾਈਆ ਹੋਈਆਂ ਉਜਾੜਾਂ ਹੋਣਗੀਆਂ।

ਅਤੇ ਉਹ ਬਹੁਤਿਆਂ ਦੇ ਨਾਲ (ਸੁਣੋ) *ਇੱਕ ਸਾਤੇ ਲਈ ਪੱਕਾ ਨੇਮ ਬੰਨ੍ਹੇਗਾ,* ਉਨ੍ਹਾਂ ਸੱਤਰ ਸਾਤਿਆਂ ਵਿੱਚੋਂ ਇੱਕ ਵਾਸਤੇ: *ਅਤੇ ਸਾਤੇ*

ਦੇ ਵਿਚਕਾਰ ਉਹ ਬਲੀਆਂ ਅਰ...ਭੇਟਾਂ ਨੂੰ ਮੁਕਾ ਦੇਵੇਗਾ, ਅਤੇ ਘਿਣਾਉਣੀਆਂ ਵਸਤਾਂ ਦੇ ਪਰ ਉੱਤੇ ਇੱਕ ਆਵੇਗਾ ਜੋ ਉਜਾੜਦਾ ਹੈ, ਅਤੇ ਪੂਰੇ ਅਰ ਠਹਿਰਾਏ ਹੋਏ, ਅਤੇ ਅੰਤ ਤੀਕਰ ਕ੍ਰੋਧ ਉੱਜੜੇ ਹੋਇਆਂ ਉੱਤੇ ਪਾਇਆ ਜਾਏਗਾ।

68 ਹੁਣ, ਅਗਲੀਆਂ ਤਿੰਨ, ਚਾਰ, ਪੰਜ ਸਭਾਵਾਂ ਲਈ ਸਾਡਾ ਇਹੀ ਵਿਸ਼ਾ ਹੈ, ਜੋ ਵੀ ਪ੍ਰਭੂ ਪ੍ਰਗਟ ਕਰੇਗਾ। "ਸੱਤਰ ਸਾਤੇ।"

69 ਹੁਣ, ਮੈਂ ਡੋਕ ਨੂੰ ਆਖਾਂਗਾ, ਕਿ ਅੱਜ ਰਾਤ, ਉਹ ਮੇਰਾ ਬੋਰਡ ਉੱਥੇ, ਲਾ ਦੇਣ, ਤਾਂ ਜੋ ਮੈਂ ਉਸ ਤੇ ਨਿਸ਼ਾਨ ਲੱਗਾ ਸੱਕਾਂ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਇਸ ਗੱਲ ਤੋਂ ਖੁੰਝ ਜਾਓ। ਹੁਣ ਤੁਹਾਨੂੰ ਮੇਰੇ ਨਾਲ ਬੈਠ ਕੇ, ਗਹਿਰਾਈ ਵਿੱਚ ਅਧੀਐਨ ਕਰਨਾ ਪਵੇਗਾ, ਨਹੀਂ ਤਾਂ ਤੁਸੀਂ ਇਸ ਨੂੰ ਸਮਝ ਨਹੀਂ ਪਾਵੋਗੇ। ਅਤੇ ਮੈਂ ਇਸਨੂੰ ਇੱਥੇ ਬਲੈਕਬੋਰਡ ਤੇ ਬਣਾਉਣਾ ਚਾਹੁੰਦਾ ਹਾਂ, ਅਤੇ ਫਿਰ ਤੁਸੀਂ ਆਪਣੀਆਂ ਪੈਨਸਿਲਾਂ ਅਤੇ ਕਾਗਜ਼ ਲੈ ਕੇ ਆਉਣਾ ਤਾਂ ਜੋ ਤੁਸੀਂ ਇਹ ਤਰੀਕਾਂ, ਸਮਿਆਂ ਅਤੇ ਹੋਰ ਜ਼ਰੂਰੀ ਗੱਲਾਂ ਨੂੰ ਲਿਖ ਸਕੋ।

70 ਹੁਣ, ਸੱਤਰ ਸਾਤਿਆਂ ਦੀ ਸ਼ੁਰੂਆਤ (ਹੁਣ ਇਸ ਨੂੰ ਸਮਝੋ) ਉਦੋਂ ਹੁੰਦੀ ਹੈ ਜਦੋਂ ਕਲੀਸਿਯਾ ਉਠਾ ਲਈ ਜਾਂਦੀ ਹੈ। ਹੁਣ, ਇਹ ਗੱਲ ਸਾਰਿਆਂ ਨੂੰ ਸਮਝ ਆ ਗਈ, ਤਾਂ "ਆਮੀਨ" ਕਹੋ। [ਸੰਗਤ ਕਹਿੰਦੀ ਹੈ, "ਆਮੀਨ।"—ਸੰਪਾ.] ਹੁਣ, ਕਲੀਸਿਯਾ ਦੇ ਉਠਾ ਲਏ ਜਾਣ ਤੋਂ ਬਾਅਦ।

71 ਪਰਕਾਸ਼ ਦੀ ਪੋਥੀ 6:1 ਤੋਂ ਲੈ ਕੇ, 19:21 ਤੱਕ, ਦਾਨੀਏਲ ਸੱਤਰ ਸਾਤਿਆਂ ਨਾਲ ਜੁੜਿਆ ਹੋਇਆ ਹੈ, ਇਸ ਲਈ ਸਾਨੂੰ ਅੱਗੇ ਵਧਣ ਤੋਂ ਪਹਿਲਾਂ, ਰੁਕ ਕੇ ਇਸ ਨੂੰ ਸਮਝਾਉਣਾ ਚਾਹੀਦਾ ਹੈ। ਸਾਨੂੰ ਰੁਕ ਕੇ ਸਮਝਾਉਣਾ ਚਾਹੀਦਾ ਹੈ ਕਿ ਇਹ ਸੱਤਰ ਸਾਤੇ ਕਿਉਂ ਹਨ। ਕਿਉਂਕਿ, ਜੇ ਤੁਸੀਂ ਇਹ ਨਹੀਂ ਸਮਝਦੇ, ਤਾਂ ਤੁਸੀਂ ਮੋਹਰਾਂ ਤੋਂ ਖੁੰਝ ਜਾਓਗੇ, ਤੁਸੀਂ ਉਨ੍ਹਾਂ ਤੁਰ੍ਹੀਆਂ ਤੋਂ ਖੁੰਝ ਜਾਓਗੇ, ਤੁਸੀਂ ਉਨ੍ਹਾਂ ਕਟੋਰਿਆਂ ਤੋਂ ਖੁੰਝ ਜਾਓਗੇ, ਉਨ੍ਹਾਂ ਮਹਾਮਾਰੀਆਂ ਤੋਂ, ਉਹ ਡੱਡੂਆਂ ਜੇਹੇ ਤਿੰਨ ਭ੍ਰਿਸ਼ਟ ਆਤਮੇ, ਉਹ ਤਿੰਨ ਹਾਏ, ਲਾਲ ਅਜਗਰ ਦਾ ਬਾਹਰ ਸੁੱਟਿਆ ਜਾਣਾ, ਸੂਰਜ ਵਿੱਚ ਔਰਤ। ਜੇ ਤੁਸੀਂ ਨਹੀਂ ਸਮਝੇ, ਤਾਂ ਤੁਸੀਂ ਇਹ ਸਭ ਕੁਝ ਤੋਂ ਖੁੰਝ ਜਾਓਗੇ, ਕਿਉਂਕਿ ਇਹ ਸਭ ਠੀਕ ਇਨ੍ਹਾਂ ਸੱਤਰ ਸਾਤਿਆਂ ਦੇ ਵਿੱਚ ਹੀ ਹੁੰਦਾ ਹੈ। ਇੱਥੇ ਹੀ ਇਹ ਸਭ ਹੁੰਦਾ ਹੈ।

72 ਹੁਣ, ਨਬੀ ਦਾਨੀਏਲ ਨੂੰ ਬਾਬਲ ਵਿੱਚ ਅਠਾਹਠ ਸਾਲ ਹੋ ਗਏ ਸਨ। ਤੁਸੀਂ ਜਿਹੜੇ ਪਿੱਛੇ ਜਾ ਕੇ ਸੰਦਰਭ ਵੇਖਣਾ ਚਾਹੁੰਦੇ ਹੋ, ਅਤੇ ਥੋੜ੍ਹਾ ਸਮਾਂ ਬਚਾਉਣਾ ਚਾਹੁੰਦੇ ਹੋ, ਜੋ ਮੈਨੂੰ ਇਨ੍ਹਾਂ ਗੱਲਾਂ ਨੂੰ ਲੱਭਣ ਵਿੱਚ ਲੱਗਾ ਸੀ। ਅਠਾਹਠ ਸਾਲ! ਦਾਨੀਏਲ 606 ਈਸਾ ਪੂਰਵ ਵਿੱਚ, ਬੰਦੀ ਬਣਾ ਲਿਆ ਗਿਆ ਸੀ, ਅਤੇ ਜਦੋਂ

ਦਰਸ਼ਨ ਉਸਨੂੰ ਆਇਆ ਤਾਂ ਉਦੋਂ 538 ਈਸਾ ਪੂਰਵ ਸੀ। 638 ਤੋਂ 538 ਤਕ, ਅਠਾਹਠ ਸਾਲ ਬਣਦੇ ਹਨ। ਅਠਾਹਠ ਸਾਲਾਂ ਤੋਂ ਉਹ ਬਾਬਲ ਵਿੱਚ ਰਿਹਾ ਸੀ, ਬੁੱਤਪਰਸਤ ਲੋਕਾਂ ਵਿੱਚ ਰਹਿ ਕੇ ਵੀ, ਉਹ ਜੇਤੂ ਰਿਹਾ ਸੀ। ਆਮੀਨ। ਅਸੀਂ ਤਾਂ ਇੱਕ ਘੰਟਾ ਵੀ ਨਹੀਂ ਰੁਕ ਸਕਦੇ।

73 ਪਰ ਉਹ ਤਾਂ ਬਿਲਕੁਲ ਉਨ੍ਹਾਂ ਦੇ ਵਿਚਕਾਰ ਰਿਹਾ ਸੀ, ਉਸ ਦੇ ਕੋਲ ਕਿਸੇ ਦੀ ਸਾਥ ਨਹੀਂ ਸੀ ਸਿਰਫ਼ ਤਿੰਨ ਸਾਥੀ ਸਨ, ਉਹ ਵੀ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿੰਦੇ ਸਨ। ਪਰ, ਦਾਨੀਏਲ ਨੇ, ਪਰਮੇਸ਼ੁਰ ਦੇ ਨਾਲ ਇਕੱਲੇ ਖੜ੍ਹੇ ਰਹਿ ਕੇ, ਅਠਾਹਠ ਸਾਲਾਂ ਤੱਕ ਜਿੱਤ ਨੂੰ ਕਾਇਮ ਰੱਖਿਆ। ਇਸ ਬਾਰੇ ਸੋਚੋ! ਮੈਂ ਪ੍ਰਚਾਰ ਨਹੀਂ ਸ਼ੁਰੂ ਕਰਨਾ ਚਾਹੁੰਦਾ, ਕਿਉਂਕਿ ਇਹ ਇੱਕ ਸਿੱਖਿਆ ਦੇਣ ਵਾਲਾ ਸੰਦੇਸ਼ ਹੋਣਾ ਚਾਹੀਦਾ ਹੈ। ਪਰ, ਅਠਾਹਠ ਸਾਲ, ਉਸਨੇ ਜਿੱਤ ਬਣਾਈ ਰੱਖੀ ਸੀ ਅਤੇ ਪਰਮੇਸ਼ੁਰ ਦੇ ਸਾਹਮਣੇ ਬੇਦਾਗ ਰਿਹਾ; ਪਵਿੱਤਰ ਆਤਮਾ ਦੇ ਬਪਤਿਸਮੇ ਤੋਂ ਬਿਨਾਂ, ਯਿਸੂ ਮਸੀਹ ਦੇ ਲਹੂ ਤੋਂ ਬਿਨਾਂ ਜੋ ਉਸ ਲਈ ਵਿਚੋਲਗੀ ਕਰੇ; ਸਿਰਫ਼ ਬਲਦਾਂ, ਬੱਕਰੀਆਂ ਅਤੇ ਵੱਛੀਆਂ ਦੇ ਲਹੂ ਨਾਲ, ਜੋ ਉਸਨੂੰ ਉਸ ਦੇਸ਼ ਦੀਆਂ ਗ਼ੈਰ-ਯਹੂਦੀ ਪਰੰਪਰਾਵਾਂ ਦੇ ਕਾਰਨ, ਗੁਪਤ ਰੂਪ ਵਿੱਚ ਭੇਟ ਕਰਨਾ ਪੈਂਦਾ ਸੀ। ਉਨ੍ਹਾਂ ਨੂੰ ਉੱਥੇ ਲਿਜਾਇਆ ਗਿਆ ਸੀ। ਯਿਰਮਿਯਾਹ ਨੇ ਉਨ੍ਹਾਂ ਬਾਰੇ ਭਵਿੱਖਬਾਣੀ ਕੀਤੀ ਸੀ ਕਿ ਉਹ ਉੱਥੇ ਜਾ ਰਹੇ ਸਨ।

74 ਹੁਣ, ਦਾਨੀਏਲ, ਔਹ, ਮੇਰੇ, ਉਹ ਇਹ ਦੇਖਣ ਲੱਗਾ ਕਿ ਸਮਾਂ ਨੇੜੇ ਆ ਰਿਹਾ ਸੀ, ਜਿਵੇਂ ਅਸੀਂ ਅੱਜ ਵੇਖ ਰਹੇ ਹਾਂ। ਦਾਨੀਏਲ "ਸਮਝਣਾ" ਸ਼ੁਰੂ ਕਰਦਾ ਹੈ, ਉਸਨੇ ਕਿਹਾ, "ਪੁਸਤਕਾਂ ਤੋਂ ਪੜ੍ਹਨ ਦੁਆਰਾ।"

> *ਅਤੇ ਉਸ ਦੇ ਰਾਜ ਦੇ ਪਹਿਲੇ ਵਰ੍ਹੇ ਵਿੱਚ ਮੈਂ...ਦਾਨੀਏਲ...ਨੇ ਪੋਥੀਆਂ ਵਿਚੋਂ ਉਨ੍ਹਾਂ ਦਾ ਲੇਖਾ ਜਾਣਿਆ ਸਾਲਾਂ...ਦੀ ਗਿਣਤੀ,* ਇਸ ਲਈ...*ਜਿਨ੍ਹਾਂ ਲਈ ਯਹੋਵਾਹ ਦੀ ਬਾਣੀ ਯਿਰਮਿਯਾਹ ਨਬੀ ਨੂੰ ਆਈ ਸੀ, ਭਈ ਓਹ ਯਰੂਸ਼ਲਮ ਦੇ ਉੱਜੜਨ ਦੇ...ਸੱਤਰ ਵਰ੍ਹੇ* ਪੂਰੇ ਹੋਣ।

75 ਯਿਰਮਿਯਾਹ, ਨੇ 606 ਈਸਾ ਪੂਰਵ ਵਿੱਚ, ਭਵਿੱਖਬਾਣੀ ਕੀਤੀ ਸੀ, ਕਿ ਉਨ੍ਹਾਂ ਦੇ ਪਾਪਾਂ ਅਤੇ ਅਧਰਮ ਦੇ ਕਾਰਨ, ਉਹ ਸੱਤਰ ਸਾਲ ਉੱਥੇ ਰਹਿਣਗੇ।

76 ਤੁਹਾਨੂੰ ਯਾਦ ਹੈ, ਉਨ੍ਹਾਂ ਦਿਨਾਂ ਵਿੱਚ ਇੱਕ ਹੋਰ ਨਬੀ ਆਇਆ ਸੀ। ਮੈਨੂੰ ਇਸ ਸਮੇਂ ਉਸਦਾ ਨਾਮ ਯਾਦ ਨਹੀਂ ਆ ਰਿਹਾ। ਮੈਂ ਇਸਨੂੰ ਤੁਹਾਡੇ ਲਈ ਕੁਝ ਮਿੰਟਾਂ ਸਮੇਂ ਵਿੱਚ ਪਤਾ ਕਰ ਸਕਦਾ ਹਾਂ, ਜੇ ਮੈਂ ਥੋੜ੍ਹੀ ਦੇਰ ਲਈ ਪਿੱਛੇ ਜਾ ਕੇ ਦੇਖਾਂ। ਪਰ ਉਹ ਆਇਆ ਅਤੇ ਕਿਹਾ, "ਯਿਰਮਿਯਾਹ, ਤੂੰ ਗਲਤ ਹੈਂ। ਪਰਮੇਸ਼ੁਰ ਇਸਰਾਏਲ ਨੂੰ ਉੱਥੇ ਸਿਰਫ਼ ਇੰਨੇ ਦਿਨ, ਇੰਨੇ ਸਾਰੇ, ਲਗਭਗ ਦੋ

ਸਾਲਾਂ ਲਈ ਰੱਖਣ ਵਾਲਾ ਹੈ।"

77 ਯਿਰਮਿਯਾਹ ਨੇ ਕਿਹਾ, "ਇਸੇ ਤਰ੍ਹਾਂ ਹੀ ਹੋਵੇ। ਆਮੀਨ।" ਉਸ ਨੇ ਕਿਹਾ, "ਪਰ ਇੱਕ ਮਿੰਟ ਰੁਕੋ। ਆਓ, ਤੂੰ ਤੇ ਮੈਂ ਨਬੀ ਹੋਣ ਦੇ ਨਾਤੇ, ਇੱਕ ਵਾਰੀ ਆਪਸ ਵਿੱਚ ਗੱਲ-ਬਾਤ ਕਰੀਏ।" ਉਸ ਨੇ ਕਿਹਾ, "ਯਾਦ ਹੈ, ਅਜਿਹੇ ਵੀ ਲੋਕ ਸਨ ਜਿਨ੍ਹਾਂ ਨੇ ਸਾਡੇ ਤੋਂ ਪਹਿਲਾਂ ਭਵਿੱਖਬਾਣੀ ਕੀਤੀ ਸੀ, ਅਤੇ ਉਨ੍ਹਾਂ ਨੇ ਉਹ ਗੱਲਾਂ ਦੱਸੀਆਂ ਜੋ ਗਲਤ ਸਨ। ਅਤੇ ਗਲਤ ਗੱਲਾਂ ਦੱਸਣ ਕਰਕੇ ਪਰਮੇਸ਼ੁਰ ਨੇ ਉਨ੍ਹਾਂ ਨਾਲ ਸਖ਼ਤੀ ਨਾਲ ਪੇਸ਼ ਆਇਆ। ਇਸ ਲਈ, ਆਓ ਅਸੀਂ ਪੱਕਾ ਕਰ ਲਈਏ। ਪਰ ਯਹੋਵਾਹ ਪਰਮੇਸ਼ੁਰ ਨੇ ਮੈਨੂੰ ਦੱਸਿਆ ਹੈ ਅਜੇ ਸੱਤਰ ਸਾਲ ਬਾਕੀ ਰਹਿੰਦੇ ਹਨ।"

ਪਰਮੇਸ਼ੁਰ ਨੇ ਉਸ ਝੂਠੇ ਨਬੀ ਨੂੰ ਮਾਰਿਆ, ਅਤੇ ਉਸੇ ਸਾਲ ਉਸਦੀ ਜਾਨ ਲੈ ਲਈ, ਕਿਉਂਕਿ ਪਰਮੇਸ਼ੁਰ ਨੇ ਇਸ ਸੱਚੇ ਨਬੀ ਨੂੰ ਇਹ ਗੱਲ ਸਾਫ਼ ਦੱਸੀ ਸੀ ਕਿ ਸੱਤਰ ਸਾਲ ਹੋਰ ਹਨ।

78 ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ ਕਿ ਕਿਵੇਂ ਦਾਨੀਏਲ, ਹਾਲਾਂਕਿ ਇੱਕ ਪਰਦੇਸੀ ਸੀ, ਆਪਣੇ ਲੋਕਾਂ ਵਿੱਚੋਂ ਲਿਜਾਇਆ ਗਿਆ, ਆਪਣੀ ਕਲੀਸਿਯਾ ਵਿੱਚੋਂ ਲਿਆਂਦਾ ਗਿਆ, ਇੱਕ ਵੀ ਕਲੀਸਿਯਾ ਸਭਾ ਤੋਂ ਬਿਨਾਂ, ਕਿਸੇ ਵੀ ਕਲੀਸਿਯਾ ਵਿੱਚ ਜਾਣ ਤੋਂ ਬਿਨਾਂ, ਕੋਈ ਵੀ ਭਜਨ ਗਾਏ ਬਿਨਾਂ ਸਿਵਾਏ ਉਸਦੇ ਜੋ ਉਸ ਨੇ ਆਪ ਹੀ ਗਾਏ ਸਨ, ਇਹ ਸਭ ਕੁਝ ਦੇ ਦਰਮਿਆਨ, ਉਸ ਨੇ ਫਿਰ ਵੀ ਉਸ ਨੂੰ ਫੜ ਕੇ ਰੱਖਿਆ ਜੋ ਨਬੀ ਨੇ ਕਿਹਾ ਸੀ। ਆਮੀਨ! ਆਮੀਨ!

79 ਕੋਈ ਕਲੀਸਿਯਾ ਨਹੀਂ ਸੀ ਜਿੱਥੇ ਉਹ ਜਾ ਸਕਦਾ, ਕੋਈ ਨਹੀਂ ਸੀ ਜਿਸਦੇ ਨਾਲ ਉਹ ਸੰਗਤੀ ਕਰ ਸਕਦਾ; ਹਰ ਕੋਈ ਮੂਰਤੀ ਪੂਜਕਾਂ ਦੇ ਮੰਦਰਾਂ ਵਿੱਚ ਜਾਂਦਾ ਸੀ, ਹਰ ਕੋਈ ਆਪਣੀਆਂ ਮੂਰਤੀਆਂ ਦੀ ਪੂਜਾ ਕਰਦਾ ਸੀ। ਕੋਈ ਮਸੀਹੀ ਗੀਤ ਨਹੀਂ ਸੀ; ਕੋਈ ਵੀ ਉਸ ਚੀਜ ਵਿੱਚ ਵਿਸ਼ਵਾਸ ਨਹੀਂ ਕਰਦਾ ਸੀ ਜਿਸ ਵਿੱਚ ਉਹ ਕਰਦਾ ਸੀ। ਅਤੇ ਅਠਾਹਠ ਸਾਲਾਂ ਵਿੱਚ, ਉਹ ਲਗਭਗ ਬਾਰਾਂ ਜਾਂ ਚੌਦਾਂ ਸਾਲ ਦਾ ਨੌਜਵਾਨ ਸੀ, ਜਦੋਂ ਉਸ ਨੂੰ ਉੱਥੇ ਲੈ ਗਏ ਸਨ, ਉਹ ਪਰਮੇਸ਼ੁਰ ਪ੍ਰਤੀ ਵਫ਼ਾਦਾਰ ਰਿਹਾ; ਅਤੇ ਯਿਰਮਿਯਾਹ ਨਬੀ ਤੋਂ ਸਮਝ ਲਿਆ ਕਿ ਦਿਨ ਲਗਭਗ ਪੂਰੇ ਹੋ ਗਏ ਸਨ।

ਕਿਵੇਂ ਇਹ ਅੱਜ ਪਰਮੇਸ਼ੁਰ ਦੇ ਕਿਸੇ ਵੀ ਸੱਚੇ ਨਬੀ ਦੇ ਦਿਲ ਨੂੰ ਚੇਤਾਵਨੀ ਦੇਵੇਗਾ, ਕਿ ਅਸੀਂ ਵਾਪਸ ਮੁੜਦੇ ਹਾਂ ਅਤੇ ਦੇਖਦੇ ਹਾਂ ਕਿ ਇਸ ਸੱਚੇ ਨਬੀ ਨੇ ਕੀ ਕਿਹਾ ਸੀ, ਅਤੇ ਜਾਣੋ ਕਿ ਅਸੀਂ ਅੰਤ ਸਮੇਂ ਤੇ ਹਾਂ।

80 ਉਸਨੇ ਕਿਹਾ, "ਮੈਂ ਪੁਸਤਕਾਂ ਤੋਂ ਸਮਝਿਆ ਕਿ ਯਿਰਮਿਯਾਹ, ਮੇਰੇ ਭਾਈ

ਨੇ, ਬਹੁਤ, ਬਹੁਤ ਸਾਲ ਪਹਿਲਾਂ, ਭਵਿੱਖਬਾਣੀ ਕੀਤੀ ਸੀ ਕਿ ਇਜ਼ਰਾਈਲ ਇੱਥੇ ਸੱਤਰ ਸਾਲਾਂ ਤਕ ਰਹੇਗਾ। ਅਤੇ ਉਹ ਸਮਾਂ ਪੂਰਾ ਹੋਣ ਹੀ ਵਾਲਾ ਹੈ।" ਅਤੇ ਉਸਨੇ ਆਪਣੇ ਆਪ ਨੂੰ ਤਿਆਰ ਕਰ ਲਿਆ। ਅਤੇ ਉਸਨੇ ਵਰਤ ਰੱਖਿਆ, ਅਤੇ ਆਪਣੇ ਆਪ ਨੂੰ ਪਵਿੱਤਰ ਕੀਤਾ, ਅਤੇ ਜਦੋਂ...ਸੁਆਹ ਅਤੇ ਤੱਪੜ, ਲੈ ਕੇ ਆਪਣੇ ਸਿਰ ਤੇ ਪਾ ਲਏ, ਅਤੇ ਵਰਤ ਰੱਖ ਕੇ ਪ੍ਰਾਰਥਨਾ ਕਰਨ ਲੱਗਾ, ਇਹ ਸਮਝਣ ਲਈ ਕਿ ਉਹ ਕਿਸ ਦਿਨ ਵਿੱਚ ਰਹਿ ਰਹੇ ਸਨ।

81 ਅਤੇ ਜੇਕਰ ਦਾਨੀਏਲ, ਯਹੋਵਾਹ ਦਾ ਨਬੀ, ਯਿਰਮਿਯਾਹ ਦੀਆਂ ਕਿਤਾਬਾਂ ਤੋਂ ਸਲਾਹ ਲੈ ਸਕਦਾ ਹੈ, ਅਤੇ ਉਸਨੂੰ ਅਜਿਹੀ ਜਗ੍ਹਾ ਤੇ ਲਿਆ ਸਕਦਾ ਹੈ; ਕਿ ਇਸਰਾਏਲ ਵੀ ਬਾਹਰ ਆ ਰਿਹਾ ਸੀ, ਸਾਰੇ ਜਿਉਂਦੇ, ਆਪਣੇ ਵਤਨ ਵਾਪਸ ਜਾਣ ਲਈ, ਬਾਬਲ ਤੋਂ ਬਾਹਰ ਆ ਰਹੇ ਸਨ, ਉਸਨੂੰ ਤੱਪੜ ਅਤੇ ਸੁਆਹ ਨਾਲ ਵਰਤ ਰੱਖਣ ਲਈ ਮਜਬੂਰ ਕਰ ਸਕਦਾ ਹੈ। ਤਾਂ ਫਿਰ ਇਸ ਨੂੰ ਜਿਉਂਦੇ ਪਰਮੇਸ਼ੁਰ ਦੀ ਕਲੀਸਿਯਾ ਨਾਲ ਕੀ ਕਰਨਾ ਚਾਹੀਦਾ ਹੈ, ਜੋ ਇਹ ਜਾਣਦੀ ਹੈ ਕਿ ਸਮਾਂ ਖਤਮ ਹੋ ਰਿਹਾ ਹੈ ਅਤੇ ਸਮਾਂ ਹੋਰ ਨਹੀਂ ਰਹੇਗਾ; ਅਤੇ ਪ੍ਰਭੂ ਯਿਸੂ ਮਸੀਹ ਦੀ ਆਮਦ, ਅਤੇ ਮਹਾਨ ਹਜ਼ਾਰ ਸਾਲ ਦਾ ਰਾਜ ਸ਼ੁਰੂ ਹੋਣ ਲਈ ਤਿਆਰ ਹੈ! ਅਸੀਂ ਕਿਵੇਂ ਜੂਆ ਖੇਡਦੇ ਹੋਏ, ਐਤਵਾਰ ਨੂੰ ਤੈਰਾਕੀ ਕਰਦੇ ਹੋਏ ਆਪਣੇ ਸਮੇਂ ਨੂੰ ਫ਼ਜ਼ੂਲ ਕੰਮਾਂ ਵਿੱਚ ਲੰਘਾ ਦੇਂਦੇ ਹਾਂ, ਜਦਕਿ ਸਾਡੇ ਕੋਲ ਪ੍ਰਭੂ ਲਈ ਕੋਈ ਸਮਾਂ ਨਹੀਂ ਹੈ? ਬਸ ਉੱਥੇ ਜਾਂਦੇ ਹੋ...ਜੇ ਪਾਸਟਰ ਕੋਈ ਅਜਿਹੀ ਗੱਲ ਕਰ ਦੇਵੇ ਜੋ ਤੁਹਾਨੂੰ ਨਹੀਂ ਪਸੰਦ ਆਉਂਦੀ, ਤਾਂ ਤੁਸੀਂ ਉੱਥੇ ਤੋਂ ਉੱਠ ਕੇ ਬਾਹਰ ਚਲੇ ਜਾਂਦੇ ਹੋ। ਅਤੇ ਜੇ—ਜੇ ਕਲੀਸਿਯਾ ਵਿੱਚ ਜਿਆਦਾ ਸਮਾਂ ਲਗ ਜਾਂਦਾ ਹੈ, ਤਾਂ ਕਿਉਂ, ਤੁਸੀਂ—ਤੁਸੀਂ, ਤੁਸੀਂ—ਤੁਸੀਂ ਤਿਲਮਿਲਾ ਜਾਂਦੇ ਹੋ। ਸਾਡੀ ਹਾਲਤ ਦੇਖੋ। ਦੇਖੋ ਅਸੀਂ ਕੀ ਕਰ ਰਹੇ ਹਾਂ।

ਸਾਡੀ ਜ਼ਿੰਦਗੀ ਦੀ ਤੁਲਨਾ ਉਸ ਨਬੀ ਨਾਲ ਕਰੋ। ਇੱਕ ਆਦਮੀ, ਇੱਕ ਪੂਰੇ ਰਾਜ ਵਿੱਚ, ਨਾ ਤਾਂ ਜਾਣ ਲਈ ਕੋਈ ਕਲੀਸਿਯਾ ਸੀ, ਅਤੇ ਨਾ ਹੀ ਕੋਈ ਹੋਰ ਜਗ੍ਹਾ ਜਿੱਥੇ ਉਹ ਜਾ ਸਕਦਾ। ਇਸਨੂੰ ਢਾਹ ਦਿੱਤਾ ਗਿਆ ਅਤੇ ਸਾੜ ਦਿੱਤਾ ਗਿਆ ਸੀ; ਉਸਦਾ ਸ਼ਹਿਰ, ਉਸਦੇ ਲੋਕ ਬੰਦੀ ਬਣਾ ਲਏ ਗਏ ਸਨ। ਅਠਾਹਠ ਸਾਲ! ਅਠਾਹਠ, ਉਨ੍ਹੱਤਰ, ਸੱਤਰ; ਉਸਦੇ ਕੋਲ ਕੇਵਲ ਦੋ ਸਾਲ ਬਚੇ ਹੋਏ ਸਨ। ਇਸ ਲਈ ਜਦੋਂ ਉਸ ਨੇ ਕਿਤਾਬ ਪੜ੍ਹਣੀ ਸ਼ੁਰੂ ਕੀਤੀ ਅਤੇ ਵੇਖਿਆ ਕਿ ਸਮੇਂ ਦੇ ਪੂਰੇ ਹੋਣ ਦਾ ਸਮਾਂ ਨੇੜੇ ਆ ਗਿਆ ਹੈ, ਤਾਂ ਉਹ ਪ੍ਰਾਰਥਨਾ ਦੇ ਵਿੱਚ ਪ੍ਰਭੂ ਕੋਲ ਚਲਾ ਗਿਆ, ਤਾਂ ਜੋ ਇਸ ਬਾਰੇ ਪਤਾ ਲਗਾ ਸਕੇ।

82 ਕਿਹੋ ਜਿਹਾ ਸਮਾਂ ਹੈ! ਅਸੀਂ ਕੀ ਕਰ ਰਹੇ ਹਾਂ? ਜਦੋਂ, "ਕੌਮਾਂ ਵਿਚ ਫੁਟ ਪੈ ਰਹੀ ਹੈ; ਸਮੁੰਦਰ ਗਰਜ ਰਿਹਾ ਹੈ; ਮਨੁੱਖਾਂ ਦੇ ਦਿਲ ਡਰ ਦੇ ਕਾਰਨ ਕੰਬ

ਰਹੇ ਹਨ; ਸਮਾ ਸਮਝੋਂ ਬਾਹਰ ਹੋ ਗਿਆ ਹੈ।" ਇਹ ਸਭ ਕੁਝ, ਹੱਥ ਲੇਖ ਕੰਧ ਦੇ ਉੱਤੇ ਹੈ। ਨਸਲੀ ਵਿਭਾਜਨ; ਹਰ ਕਿਸਮ ਦੀ ਬੁਰਾਈ, ਝਗੜੇ, ਵਿਵਾਦ, ਅਤੇ ਅਸ਼ਾਂਤੀ ਸੰਸਾਰ ਵਿੱਚ; ਹੋ ਰਹੀ ਹੈ। ਅਤੇ ਹਥਿਆਰ ਬੰਦਰਗਾਹਾਂ ਵਿੱਚ ਲਟਕ ਰਹੇ ਹਨ, ਕਿਊਬਾ ਜਿੰਨਾ ਛੋਟਾ ਜਿਹਾ ਦੇਸ਼ ਇੱਥੇ ਦਸ ਮਿੰਟਾਂ ਵਿੱਚ ਦੁਨੀਆਂ ਨੂੰ ਤਬਾਹ ਕਰ ਸਕਦਾ ਹੈ। ਅਤੇ ਉਹ ਇੱਕ ਦੂਜੇ ਨਾਲ ਝਗੜਾ ਕਰ ਰਹੇ ਹਨ, ਅਧਰਮੀ ਮਨੁੱਖ ਜੋ ਨਾ ਹੀ ਪਰਮੇਸ਼ੁਰ ਨੂੰ ਜਾਣਦੇ ਹਨ ਅਤੇ ਨਾ ਹੀ ਉਸ ਦੀ ਸ਼ਕਤੀ ਨੂੰ।

ਪਰ ਪਵਿੱਤਰ ਆਤਮਾ, ਕਲੀਸੀਆ ਵਿੱਚ, ਚੁਣੇ ਹੋਏ ਲੋਕਾਂ ਵਿਚਕਾਰ ਕੰਮ ਕਰ ਰਿਹਾ ਹੈ, ਦੋ ਹਜ਼ਾਰ ਸਾਲਾਂ ਬਾਅਦ ਵੀ ਆਪਣੇ ਆਪ ਨੂੰ ਜੀਉਂਦਾ ਵਿਖਾ ਰਿਹਾ ਹੈ, ਕਿ ਉਹ ਕੱਲ੍ਹ, ਅੱਜ, ਅਤੇ ਜੁਗੋ ਜੁੱਗ ਇੱਕੋ ਜਿਹਾ ਹੈ। ਤਾਂ ਫਿਰ ਅਸੀਂ ਸੁਸਤ ਹੋ ਕੇ ਕਿਵੇਂ ਬੈਠ ਸਕਦੇ ਹਾਂ? ਕਿਵੇਂ ਅਸੀਂ ਇਸ ਤੋਂ ਅਣਜਾਣ ਰਹਿ ਸਕਦੇ ਹਾਂ? ਜਿਸ ਸਮੇਂ ਦੀ ਅਸੀਂ ਉਡੀਕ ਕਰ ਰਹੇ ਸੀ, ਉਸ ਮਹਾਨ ਘੜੀ ਨੂੰ ਆਉਂਦੇ ਹੋਏ ਵੇਖ ਰਹੇ ਹਾਂ।

83 ਹੁਣ, ਉਸਨੇ ਯਿਰਮਿਯਾਹ ਵਿੱਚ, 25ਵਾਂ ਅਧਿਆਇ ਪੜ੍ਹਿਆ। ਆਓ ਅਸੀਂ ਯਿਰਮਿਯਾਹ, 25ਵਾਂ ਅਧਿਆਇ ਪੜ੍ਹੀਏ, ਅਤੇ ਪੜ੍ਹੀਏ ਕਿ ਯਿਰਮਿਯਾਹ ਨੇ ਕੀ ਕਿਹਾ ਸੀ। ਦਰਅਸਲ, ਆਓ 8ਵੀਂ ਆਇਤ ਤੋਂ ਸ਼ੁਰੂ ਕਰੀਏ, ਕਿਉਂਕਿ ਇਹ...ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਪੱਕੇ ਤੌਰ ਤੇ ਸਮਝ ਲਵੋ। 11ਵੀਂ ਆਇਤ ਜਿੱਥੋਂ ਮੈਂ ਲਿਖਿਆ ਸੀ ਕਿ ਪੜ੍ਹਾਂਗੇ, ਪਰ ਆਓ 8ਵੀਂ ਆਇਤ ਤੋਂ ਸ਼ੁਰੂ ਕਰੀਏ।

*ਸੋ ਸੈਨਾਂ ਦਾ **ਯਹੋਵਾਹ** ਐਉਂ ਫ਼ਰਮਾਉਂਦਾ ਹੈ;...*

ਮੈਨੂੰ ਬੱਸ ਇਹ ਪਸੰਦ ਹੈ। ਜਦੋਂ ਮੈਂ ਕਿਸੇ ਨਬੀ ਨੂੰ ਖੜ੍ਹੇ ਹੋ ਕੇ ਇਹ ਕਹਿੰਦੇ ਸੁਣ ਸਕਦਾ ਹਾਂ ਕਿ **ਯਹੋਵਾਹ ਐਉਂ ਫ਼ਰਮਾਉਂਦਾ ਹੈ**, ਭਾਈ। ਤਾਂ ਮਾਮਲਾ ਖਤਮ ਹੋ ਜਾਂਦਾ ਹੈ। ਮੇਰੇ ਲਈ, ਇਸ ਨਾਲ ਗੱਲ ਮੁੱਕ ਜਾਂਦੀ ਹੈ। ਬੱਸ ਇਹੀ ਸਭ ਕੁਝ ਹੈ।

*...ਸੈਨਾਂ ਦਾ **ਯਹੋਵਾਹ** ਐਉਂ ਫ਼ਰਮਾਉਂਦਾ ਹੈ; ਏਸ ਲਈ ਕਿ ਤੁਸਾਂ ਮੇਰੀਆਂ ਗੱਲਾਂ ਨਹੀਂ ਸੁਣੀਆਂ,*

*ਵੇਖ, **ਯਹੋਵਾਹ** ਦਾ ਵਾਕ ਹੈ, ਮੈਂ ਉੱਤਰ ਪਾਸੇ ਦੇ ਸਾਰੇ ਟੱਬਰਾਂ ਨੂੰ ਅਤੇ ਆਪਣੇ ਟਹਿਲੂਏ, ਅਤੇ ਬਾਬਲ ਦੇ ਪਾਤਸ਼ਾਹ ਨਬੂਕਦਰੱਸਰ, ਮੇਰੇ ਦਾਸ ਨੂੰ ਸਦਵਾ ਘੱਲਾਂਗਾ ਅਤੇ ਉਨ੍ਹਾਂ ਨੂੰ ਫਿਰ...ਇਸ ਧਰਤੀ, ਉਹ ਦੇ ਵਾਸੀਆਂ ਦੇ ਵਿਰੁੱਧ ਅਤੇ ਓਹਨਾਂ ਸਾਰੀਆਂ ਕੌਮਾਂ ਦੇ ਵਿਰੁੱਧ*

ਜਿਹੜੀਆਂ ਆਲੇ ਦੁਆਲੇ ਹਨ ਚੜ੍ਹਾ ਲਿਆਵਾਂਗਾ ਅਤੇ ਓਹਨਾਂ ਨੂੰ ਮੂਲੋਂ ਮੁੱਢੋਂ ਨਾਸ ਕਰ ਦਿਆਂਗਾ,...

ਯਾਦ ਰੱਖੋ, ਉਹ ਪਰਮੇਸ਼ੁਰ ਦੇ ਚੁਣੇ ਹੋਏ ਸਨ ਜਿਨ੍ਹਾਂ ਬਾਰੇ ਉਹ ਗੱਲ ਕਰ ਰਿਹਾ ਸੀ। ਉਹ ਅਵਿਸ਼ਵਾਸੀ ਨਹੀਂ ਸਨ। ਉਹ ਕਲੀਸਿਯਾ ਦੇ ਮੈਂਬਰ ਸਨ।

ਨਾਲੇ ਮੈਂ ਓਹਨਾਂ ਵਿੱਚੋਂ ਖੁਸ਼ੀ ਦੀ ਅਵਾਜ਼ ਖੋਹ ਲਵਾਂਗਾ,...ਅਨੰਦ ਦੀ ਅਵਾਜ਼, (ਜਿਵੇਂ ਅੱਜ ਸਾਡੇ ਕੋਲ ਹੈ, ਸਾਰੇ ਰੌਕ-ਐਂਡ-ਰੋਲ, ਰਿੱਕੀ ਅਤੇ ਐਲਵਿਸ,) ਅਤੇ, ਔਹ, *ਲਾੜੇ ਦੀ ਅਵਾਜ਼,...ਪੰਛੀ ਦੀ ਅਵਾਜ...ਜਾਂ,* ਸਗੋਂ, *ਲਾੜੀ ਦੀ ਅਵਾਜ਼,* ਚੱਕੀਆਂ *ਦਾ ਸ਼ੋਰ,... ਅਤੇ ਬੱਤੀਆਂ ਦੀ ਲੋ ਮਿਟਾ ਦਿਆਂਗਾ।*

ਅਤੇ ਏਹ ਸਾਰਾ ਦੇਸ ਉਜਾੜ ਹੋ ਜਾਵੇਗਾ,...

ਉਸ ਨਬੀ ਦੀ ਪੁਕਾਰ ਸੁਣੋ, "ਇਹ ਸਾਰਾ ਦੇਸ਼ ਉਜਾੜ ਹੋ ਜਾਵੇਗਾ!" ਅਤੇ ਮੈਂ ਇਹ ਪਰਮੇਸ਼ੁਰ ਦੇ ਮਹਾਨ ਸੇਵਕ ਦੀ ਨਕਲ ਕਰਨ ਲਈ ਨਹੀਂ ਕਹਿ ਰਿਹਾ, ਪਰ ਮੈਂ ਭਵਿੱਖਬਾਣੀ ਕਰਦਾ ਹਾਂ ਕਿ ਇਹ ਦੇਸ਼ ਉਜਾੜ ਹੋ ਜਾਵੇਗਾ। ਪਰਮੇਸ਼ੁਰ ਇਸ ਦੇਸ਼ ਨੂੰ ਇਸਦੇ ਪਾਪਾਂ ਦੀ ਸਜ਼ਾ ਦੇਵੇਗਾ। ਜੇਕਰ ਪਰਮੇਸ਼ੁਰ ਨੇ ਇਸਰਾਏਲ ਨੂੰ ਨਹੀਂ ਛੱਡਿਆ, ਜੋ ਉਸਦਾ ਚੁਣਿਆ ਹੋਇਆ ਸੀ, ਅਬਰਾਹਾਮ ਦੀ ਸੰਤਾਨ ਸੀ, ਜਿਸ ਨਾਲ ਉਸਨੇ ਨੇਮ ਅਤੇ ਵਾਅਦਾ ਕੀਤਾ ਸੀ, ਜੇ ਕਰ ਉਹ ਉਨ੍ਹਾਂ ਦੇ ਗਲਤ-ਕੰਮਾਂ ਦੇ ਨਾਲ ਐਵੇਂ ਹੀ ਜਾਣ ਨਹੀਂ ਦਿੰਦਾ; ਭਾਵੇਂ ਉਹ ਮੂਲ ਰੂਪ ਵਿੱਚ ਧਾਰਮਿਕ ਸਨ, ਉਨ੍ਹਾਂ ਕੋਲ ਵੱਡੇ ਗਿਰਜਾਘਰ ਸਨ, ਅਤੇ ਜਾਜਕ, ਅਤੇ ਰੱਬੀ ਸਨ; ਪਰ ਉਨ੍ਹਾਂ ਵਿੱਚ ਹੋ ਰਹੀ ਅਨੈਤਿਕਤਾ ਅਤੇ ਹੋਰ ਗਲਤ ਕੰਮਾਂ ਦੀ ਵਜ੍ਹਾ ਕਰਕੇ, ਅਤੇ ਜਿਵੇਂ ਪਰਮੇਸ਼ੁਰ ਨੇ ਉਨ੍ਹਾਂ ਕੋਲੋਂ ਉਸੇ ਦੀ ਵਾਢੀ ਕਰਵਾਈ ਜੋ ਉਨ੍ਹਾਂ ਨੇ ਬੀਜਿਆ ਸੀ, ਉਸੇ ਤਰਾਂ ਸਾਡੇ ਨਾਲ ਵੀ ਹੋਵੇਗਾ। 11ਵੀਂ ਆਇਤ:

...ਏਹ ਸਾਰਾ ਦੇਸ ਵਿਰਾਨ ਹੋ ਜਾਵੇਗਾ, ਅਤੇ...ਹੈਰਾਨੀ;...

ਇਸ ਤਰ੍ਹਾਂ ਹੋਵੇਗਾ, ਹਰ ਕੋਈ ਬਸ ਵੇਖੇਗਾ ਤੇ ਆਖੇਗਾ, "ਉਹ ਉੱਥੇ ਹਨ। ਉਹ ਕਿੰਨੇ ਮਹਾਨ ਸਨ। ਹੁਣ ਉਨ੍ਹਾਂ ਵੱਲ ਵੇਖੋ।"

...ਅਤੇ ਏਹ ਕੌਮਾਂ ਸੱਤਰ ਵਰ੍ਹਿਆਂ ਤੀਕ ਬਾਬਲ ਦੇ ਪਾਤਸ਼ਾਹ ਦੀ ਟਹਿਲ ਕਰਨਗੀਆਂ।

ਇਹ ਤਾਂ ਪੂਰੀ ਜ਼ਿੰਦਗੀ ਦਾ ਸਮਾਂ ਹੈ। ਇਹ ਤਾਂ ਉਹ ਸਮਾਂ ਸੀ ਜਦੋਂ ਤੁਹਾਡੀ ਬਜੁਰਗ, ਧੰਨ ਬਜੁਰਗ ਮਾਂ ਇੱਕ ਬੱਚੀ ਸੀ। ਉਹ ਉੱਥੇ ਬਿਨਾਂ ਕਿਸੇ ਪਰਮੇਸ਼ੁਰ ਦੇ, ਬਿਨਾਂ ਕਿਸੇ ਕਲੀਸਿਯਾ ਦੇ, ਬਿਨਾਂ ਕਿਸੇ ਗੀਤ ਦੇ, ਬਿਨਾਂ ਕਿਸੇ ਚੀਜ਼ ਦੇ

ਸਨ, ਇੱਕ ਪੂਰੀ ਪੀੜ੍ਹੀ ਲਈ, ਜਦੋਂ ਤੱਕ ਉਹ ਸਾਰੀ ਪਾਪੀ ਪੀੜ੍ਹੀ ਮਰ ਨਾ ਜਾਵੇ।

ਅਤੇ ਇਸ ਤਰ੍ਹਾਂ ਹੋਵੇਗਾ, ਕਿ ਸੱਤਰ ਵਰ੍ਹਿਆਂ ਦੇ ਪੂਰੇ ਹੋਣ ਤੇ ਮੈਂ ਬਾਬਲ ਦੇ ਪਾਤਸ਼ਾਹ, ਅਤੇ ਉਸ ਕੌਮ ਦੀ ਖ਼ਬਰ ਲਵਾਂਗਾ, ਯਹੋਵਾਹ ਦਾ ਵਾਕ ਹੈ, ਨਾਲੇ ਕਸਦੀਆਂ ਦੇ ਦੇਸ ਦੀ ਵੀ, ਓਹਨਾਂ ਦੀ ਬਦੀ ਦੇ ਕਾਰਨ, ਅਤੇ ਮੈਂ ਉਹ ਨੂੰ ਸਦਾ ਲਈ ਵਿਰਾਨ ਕਰ ਦਿਆਂਗਾ।

ਅਤੇ ਮੈਂ ਉਸ ਦੇਸ ਉੱਤੇ ਓਹ ਸਾਰੀਆਂ ਗੱਲਾਂ ਲਿਆਵਾਂਗਾ ਜਿਹੜੀਆਂ ਮੈਂ ਉਸ ਦੇ ਵਿਰੁੱਧ ਬੋਲਿਆ, ਅਰਥਾਤ ਓਹ ਸਾਰੀਆਂ ਗੱਲਾਂ ਜਿਹੜੀਆਂ ਏਸ ਪੋਥੀ ਵਿੱਚ ਲਿਖੀਆਂ ਹਨ, ਜਿਹੜੀਆਂ ਯਿਰਮਿਯਾਹ ਸਾਰੀਆਂ ਕੌਮਾਂ ਦੇ ਵਿਰੁੱਧ ਅਗੰਮ ਵਾਕ ਕਰ ਕੇ ਬੋਲਿਆ।

ਕਿਉਂ ਜੋ ਬਹੁਤ ਸਾਰੀਆਂ ਕੌਮਾਂ ਅਤੇ ਵੱਡੇ ਵੱਡੇ ਪਾਤਸ਼ਾਹ ਓਹਨਾਂ ਨੂੰ ਗੁਲਾਮ ਬਣਾਉਣਗੇ: ਅਤੇ ਮੈਂ ਓਹਨਾਂ ਦੀ ਕਰਨੀ ਦਾ...ਅਤੇ ਓਹਨਾਂ ਦੇ ਹੱਥਾਂ ਦੇ ਕੰਮ ਦਾ ਬਦਲਾ ਲਵਾਂਗਾ।

ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਨੇ ਤਾਂ ਮੈਨੂੰ ਇਉਂ ਆਖਿਆ; ਕਿ ਮੇਰੇ ਹੱਥੋਂ ਗੁੱਸੇ ਦੀ ਮਧ ਦਾ ਏਹ ਕਟੋਰਾ ਲੈ ਅਤੇ ਓਹਨਾਂ ਸਾਰੀਆਂ ਕੌਮਾਂ ਨੂੰ, ਜਿਨ੍ਹਾਂ ਕੋਲ ਮੈਂ ਤੈਨੂੰ ਘੱਲਦਾ ਹਾਂ, ਇਸ ਵਿੱਚੋਂ ਪਿਲਾ ਦੇਹ।

ਦੂਜੇ ਸ਼ਬਦਾਂ ਵਿਚ, "ਯਿਰਮਿਯਾਹ, ਮੈਂ ਤੁਹਾਨੂੰ ਇਹ ਸੰਦੇਸ਼ ਦਿੱਤਾ ਹੈ। ਚੁੱਪ ਨਾ ਬੈਠ। ਇਕੇ ਥਾਂ ਤੇ ਨਾ ਰਹਿ, ਪਰ ਸਾਰੀਆਂ ਕੌਮਾਂ ਨੂੰ ਭਵਿੱਖਬਾਣੀ ਕਰ।" ਕੀ ਤੁਸੀਂ ਇਸ ਨੂੰ ਸਮਝ ਗਏ? "ਸਾਰੀਆਂ ਕੌਮਾਂ ਨੂੰ ਭਵਿੱਖਬਾਣੀ ਕਰ। ਮੇਰੇ ਚਿੰਨ੍ਹ ਅਤੇ ਅਚੰਭੇ ਦਿਖਾ, ਅਤੇ ਉਨ੍ਹਾਂ ਨੂੰ ਦੱਸ ਕਿ ਮੈਂ ਇਹ ਕਰਨ ਆ ਰਿਹਾ ਹਾਂ।"

ਓਹ ਪੀਣਗੇ, ਅਤੇ ਉਸ ਵਚਨ ਦੇ ਅੱਗੇ ਜਿਹੜਾ ਮੈਂ ਓਹਨਾਂ ਵਿੱਚ ਘੱਲਾਂਗਾ ਓਹ ਡਿੱਗਦੇ ਫਿਰਨਗੇ ਅਤੇ ਤੜਫਣਗੇ।

84 ਅੱਜ ਦੇ ਜਮਾਨੇ ਵਿਚ ਲੋਕ ਕੀ ਕਰਦੇ ਹਨ? ਉਹ ਤੁਹਾਨੂੰ ਇੱਕ—ਇੱਕ ਝੂਠਾ ਨਬੀ ਕਹਿੰਦੇ ਹਨ, ਤੁਹਾਨੂੰ ਇੱਕ—ਇੱਕ ਸਮਝੌਤਾ ਕਰਨ ਵਾਲਾ ਕਹਿੰਦੇ ਹਨ, ਤੁਹਾਨੂੰ ਇੱਕ—ਇੱਕ ਕੱਟੜ, ਇੱਕ ਜੋਤਸ਼ੀ ਕਹਿੰਦੇ ਹਨ, ਸੁਪਨੇ ਦੇਖਣ ਵਾਲਾ ਜਾਂ ਮਨੋਵਿਗਿਆਨਿਕ ਤਰੀਕੇ ਨਾਲ ਕੰਮ ਕਰਨ ਵਾਲਾ ਕਹਿੰਦੇ ਹਨ। "ਉਹ ਕ੍ਰੋਧ ਵਿੱਚ ਆ ਜਾਣਗੇ!" ਅਤੇ *ਕ੍ਰੋਧ* ਸ਼ਬਦ, ਜੇ ਤੁਸੀਂ ਇਸਨੂੰ ਤੋੜੋਗੇ, ਦਾ ਅਰਥ ਹੈ "ਪਾਗਲ।" "ਉਹ ਅਸਲ ਵਿੱਚ ਪਾਗਲ ਹੋ ਜਾਣਗੇ, ਅਤੇ ਕਹਿਣਗੇ,

‘ਆਹ, ਉਸ ਪਵਿੱਤਰ-ਪਖੰਡੀ ਵੱਲ ਧਿਆਨ ਨਾ ਦਿਓ, ਉਹ ਬਕਵਾਸ ਹੈ,’ ਉਸ ਬਚਨ ਦੇ ਕਾਰਨ ਜੋ ਮੈਂ ਉਨ੍ਹਾਂ ਵਿੱਚ ਭੇਜਾਂਗਾ।”

85 ਕੀ ਤੁਸੀਂ ਇਤਿਹਾਸ ਨੂੰ ਆਪਣੇ ਆਪ ਨੂੰ ਦੁਹਰਾਉਂਦੇ ਹੋਏ ਦੇਖ ਰਹੇ ਹੋ? ਯਿਰਮਿਯਾਹ ਉਨ੍ਹਾਂ ਦੇ ਫ਼ਰੀਸੀਆਂ, ਸਦੂਕੀਆਂ, ਹੇਰੋਦੀਆਂ, ਭਾਵੇਂ ਉਹ ਕੁਝ ਵੀ ਹੋਣ, ਨਾਲ ਸਹਿਮਤ ਨਹੀਂ ਸੀ। ਉਸ ਨੇ, ਉਸ ਨੇ ਸਿਰਫ ਵਚਨ ਦੱਸਿਆ, ਅਤੇ ਇਸ ਨਾਲ ਉਹ ਸਾਰੇ ਕ੍ਰੋਧ ਵਿੱਚ ਆ ਗਏ। ਕੀ? ਹੁਣ ਧਿਆਨ ਦਿਓ।

*ਅਤੇ ਤਦ ਮੈਂ **ਯਹੋਵਾਹ** ਦੇ ਹੱਥੋਂ ਉਹ ਕਟੋਰਾ ਲਿਆ, ਅਤੇ ਓਹਨਾਂ ਸਾਰੀਆਂ ਕੌਮਾਂ ਨੂੰ ਜਿਨ੍ਹਾਂ ਕੋਲ ਯਹੋਵਾਹ ਨੇ ਮੈਨੂੰ ਘੱਲਿਆ ਸੀ ਪਿਲਾ ਦਿੱਤਾ,...*

ਯਿਰਮਿਯਾਹ ਘਰ ਨਹੀਂ ਰਿਹਾ। ਯਿਰਮਿਯਾਹ ਸਿਰਫ਼ ਇੱਕ ਛੋਟੀ ਜਿਹੀ ਜਗ੍ਹਾ ਤੇ ਨਹੀਂ ਰਿਹਾ, ਸਗੋਂ ਉਸਨੇ ਸਾਰੀਆਂ ਕੌਮਾਂ ਨੂੰ ਇਹ ਪੀਣ ਲਈ ਮਜਬੂਰ ਕੀਤਾ।

*...ਜਿਨ੍ਹਾਂ ਕੋਲ **ਯਹੋਵਾਹ** ਨੇ ਮੈਨੂੰ ਘੱਲਿਆ ਸੀ:*

86 ਯਿਰਮਿਯਾਹ ਨੇ ਯਹੋਵਾਹ ਦਾ ਬਚਨ, ਉਸਦੇ ਬਚਨ ਦੀ ਦਾਖਰਸ ਨੂੰ ਲਿਆ। ਅਤੇ ਇਹ ਦਾਖਰਸ ਉਸਦੇ ਬਚਨ ਦੀ ਸ਼ਕਤੀ ਹੈ। ਦਾਖਰਸ ਵਿੱਚ ਇੱਕ ਸ਼ਕਤੀ ਹੁੰਦੀ ਹੈ। ਦਾਖਰਸ ਇੱਕ ਨਸ਼ਾ ਹੈ। ਦਾਖਰਸ ਇੱਕ ਅੰਦਰੂਨੀ ਤਾਕਤ ਹੁੰਦੀ ਹੈ। “ਅਤੇ ਮੈਂ ਪ੍ਰਭੂ ਦਾ ਵਚਨ ਲਿਆ ਹੈ,” ਯਿਰਮਿਯਾਹ ਨੇ ਕਿਹਾ, “ਅਤੇ ਇਸਨੂੰ ਪ੍ਰਗਟ ਕੀਤਾ। ਦਾਖਰਸ, ਉਹ ਸ਼ਕਤੀ ਜੋ ਇਸ ਵਿੱਚ ਹੈ, ਮੈਂ ਇਹ ਉਨ੍ਹਾਂ ਦੇ ਅੱਗੇ ਵਿਖਾਈ ਹੈ, ਅਤੇ ਉਹ ਇਸਨੂੰ ਨਹੀਂ ਸੁਣਦੇ।”

ਪਰਮੇਸ਼ੁਰ ਨੇ ਕਿਹਾ, “ਫਿਰ ਮੈਂ ਉਨ੍ਹਾਂ ਨੂੰ ਸੱਤਰ ਸਾਲਾਂ ਲਈ ਬਾਬਲ ਵਿੱਚ ਭੇਜ ਦਿਆਂਗਾ।” ਇਹੀ ਤਾਂ ਉਸਨੇ ਕੀਤਾ ਸੀ। ਧਰਮੀ ਅਤੇ ਕੁਧਰਮੀ ਸਾਰੇ ਇੱਕੋ ਜਿਹੇ ਗਏ।

87 ਹੁਣ, ਵਿਸ਼ੇ ਤੇ ਵਾਪਸ ਆਉਂਦੇ ਹਾਂ। ਦਾਨੀਏਲ ਪੜ੍ਹ ਰਿਹਾ ਸੀ। ਜ਼ਰਾ ਸੋਚੋ, ਦਾਨੀਏਲ ਨੇ ਉਹੀ ਵਚਨ ਪੜ੍ਹੇ ਸਨ ਜੋ ਅਸੀਂ ਅੱਜ ਸਵੇਰੇ ਪੜ੍ਹ ਰਹੇ ਹਾਂ। ਦਾਨੀਏਲ ਨੇ ਉਹੀ ਬਾਈਬਲ ਪੜ੍ਹੀ, ਉਹੀ ਵਿਰਾਮ ਚਿੰਨ੍ਹ, ਉਹੀ ਵਾਕ, ਉਹੀ ਚੀਜ਼ਾਂ ਜੋ ਮੈਂ, ਪਰਮੇਸ਼ੁਰ ਦੀ ਮਦਦ ਨਾਲ, ਤੁਹਾਨੂੰ ਅਗਲੇ ਕੁਝ ਸੰਦੇਸ਼ ਵਿੱਚ ਪੜ੍ਹ ਕੇ ਸੁਣਾਵਾਂਗਾ, ਉਹੀ ਗੱਲ, ਤੁਹਾਨੂੰ ਇਹ ਦਿਖਾਉਣ ਲਈ ਕਿ ਅਸੀਂ ਅੰਤ ਸਮੇਂ ਤੇ ਹਾਂ।

ਅਤੇ ਦਾਨੀਏਲ, ਯਿਰਮਿਯਾਹ ਤੋਂ ਬਚਨ ਲੈ ਕੇ, ਬਾਬਲ ਨੂੰ ਜਾਂਦਾ ਹੈ। ਅਤੇ ਉਹ ਮਸਹ ਕੀਤਾ ਹੋਇਆ ਨਬੀ ਸੀ। ਅਤੇ ਉਸਨੇ ਨਿਸ਼ਾਨ, ਚਮਤਕਾਰ

ਵਿਖਾਏ, ਉਹ ਅਣਜਾਣ ਬੋਲੀਆਂ ਦੀ ਵਿਆਖਿਆ ਕਰ ਸਕਦਾ ਸੀ, ਅਤੇ ਉਨ੍ਹਾਂ ਵਿੱਚ ਨਿਸ਼ਾਨ ਅਤੇ ਅਚੰਭੇ ਕਰਕੇ ਵਿਖਾਏ। ਫਿਰ ਵੀ, ਉਹ ਇਕੱਲਾ ਹੀ ਖੜ੍ਹਾ, ਆਪਣੇ ਆਪ! ਆਮੀਨ! ਉਹ ਇਕੱਲਾ ਖੜ੍ਹਾ ਸੀ।

88 ਪਰ ਯਿਰਮਿਯਾਹ ਨੇ ਇਹ ਵਚਨ ਬਹੁਤ, ਬਹੁਤ ਸਾਲ ਪਹਿਲਾਂ ਲਿਖੇ ਸਨ। ਅਤੇ ਦਾਨੀਏਲ, ਸ਼ਬਦ ਦੀ ਵਿਆਖਿਆ ਕਰਦੇ ਹੋਏ, ਸਮਝ ਗਿਆ... "ਕਿਹਾ, ਹੁਣ ਇੱਕ ਮਿੰਟ ਰੁਕੋ। ਅਸੀਂ ਅੰਤਮ ਸਮੇਂ ਦੇ ਨੇੜੇ ਆ ਰਹੇ ਹਾਂ, ਕਿਉਂਕਿ ਮੈਂ ਪਹਿਲਾਂ ਹੀ ਇੱਥੇ ਅਠਾਹਠ ਸਾਲ ਰਹਿ ਚੁੱਕਾ ਹਾਂ। ਅਤੇ ਪ੍ਰਭੂ ਦੇ ਨਬੀ," ਆਮੀਨ, "ਮੇਰੇ ਭਾਈ ਨੇ, ਪਰਮੇਸ਼ੁਰ ਦੇ ਸੱਚੇ ਨਬੀ ਨੇ ਜਿਸ ਨੇ ਆਪਣੇ ਆਪ ਨੂੰ ਇੱਕ ਨਬੀ ਸਾਬਤ ਕੀਤਾ, ਸਾਡੇ ਲਈ ਭਵਿੱਖਬਾਣੀ ਕੀਤੀ ਸੀ। ਮੇਰੇ ਕੋਲ ਇਹ ਇੱਥੇ ਕਿਤਾਬ ਵਿੱਚ ਲਿਖਿਆ ਹੋਇਆ ਹੈ, ਜੋ ਕਹਿੰਦੀ ਹੈ, 'ਸੱਤਰ ਸਾਲ ਪੂਰੇ ਹੋਣ ਤੇ।' ਹੇ ਪ੍ਰਭੂ ਪਰਮੇਸ਼ੁਰ, ਅਸੀਂ ਅੰਤ ਦੇ ਨੇੜੇ ਆ ਰਹੇ ਹਾਂ। ਉਹ ਸਾਰੀ ਪੀੜ੍ਹੀ ਮਰ ਗਈ ਹੈ। ਹੁਣ ਤੁਸੀਂ ਕੀ ਕਰੋਗੇ, ਪ੍ਰਭੂ? ਤੁਸੀਂ ਵਾਅਦਾ ਕੀਤਾ ਸੀ ਕਿ ਸਾਡੇ ਲਈ..." ਅਤੇ ਉਸਨੇ ਆਪਣੇ ਆਪ ਨੂੰ ਪ੍ਰਾਰਥਨਾ ਕਰਨ ਲਈ ਤਿਆਰ ਕੀਤਾ।

89 ਹੇ ਪਰਮੇਸ਼ੁਰ, ਜੇ ਕਦੇ ਵੀ ਪ੍ਰਾਰਥਨਾ ਕਰਨ ਲਈ, ਸਾਨੂੰ ਆਪਣੇ ਆਪ ਨੂੰ ਕ੍ਰਮਬੱਧ ਕਰਨ ਦਾ ਸਮਾਂ ਸੀ, ਤਾਂ ਉਹ ਹੁਣ ਹੈ। ਅਸੀਂ, ਉਸ ਦੇ ਸੱਚੇ ਸੇਵਕ ਹੋਣ ਦੇ ਨਾਤੇ, ਰਸੂਲਾਂ ਦੇ ਪੱਤਰਾਂ ਰਾਹੀਂ, ਪਵਿੱਤਰ ਆਤਮਾ ਦੀ ਚੇਤਾਵਨੀ ਰਾਹੀਂ ਦੇਖਦੇ ਹਾਂ, ਕਿ ਅਸੀਂ ਆਖ਼ਰੀ ਦਿਨਾਂ ਵਿੱਚ ਹਾਂ। ਪਵਿੱਤਰ ਆਤਮਾ ਬੋਲਦਾ ਹੈ, "ਕਿ ਅੰਤ ਦੇ ਦਿਨਾਂ ਵਿੱਚ ਲੋਕ ਜਿੱਦੀ, ਘਮੰਡੀ, ਪਰਮੇਸ਼ੁਰ ਨਾਲੋਂ ਵੱਧ ਭੋਗ ਬਿਲਾਸ ਦੇ ਪ੍ਰੇਮੀ, ਸੰਧੀ ਤੋੜਨ ਵਾਲੇ, ਝੂਠੇ ਦੋਸ਼ ਲਾਉਣ ਵਾਲੇ, ਅਸੰਜਮੀ, ਅਤੇ ਪ੍ਰਤਾਪ ਵਾਲਿਆਂ ਦੀ ਨਿੰਦਾ ਕਰਣ ਵਾਲੇ ਹੋਣਗੇ।" ਮੈਂ ਇਹ ਗੱਲ ਪੱਤਰੀਆਂ ਤੋਂ ਜਾਣੀ ਹੈ।

90 ਅਤੇ ਮੈਂ ਸਮਝਦਾ ਹਾਂ ਕਿ ਆਖਰੀ ਦਿਨ ਮਖੌਲ ਕਰਨ ਵਾਲੇ ਆਉਣਗੇ। ਮੈਂ ਸਮਝਦਾ ਹਾਂ ਕਿ ਅੰਤ ਦੇ ਦਿਨ ਵਿੱਚ, ਕੌਮ ਦੇ ਵਿਰੁੱਧ ਕੌਮ ਹੋਵੇਗੀ। ਮੈਂ ਸਮਝਦਾ ਹਾਂ ਕਿ ਆਖਰੀ ਦਿਨ, ਲਹਿਰਾਂ ਉੱਠਣਗੀਆਂ। ਮੈਂ ਸਮਝਦਾ ਹਾਂ ਕਿ ਅਸਮਾਨ ਵਿੱਚ, ਡਰਾਉਣੇ ਦ੍ਰਿਸ਼ ਹੋਣਗੇ, ਜਿਵੇਂ ਕਿ ਉੱਡਣ ਤਸ਼ਤਰੀਆਂ, ਰਹੱਸਮਈ ਦ੍ਰਿਸ਼, ਅਤੇ ਮਨੁੱਖਾਂ ਦੇ ਦਿਲ ਡਰ ਨਾਲ ਫੇਲ ਹੋ ਜਾਣਗੇ। ਉੱਥੇ ਸਮੇਂ ਦੀ ਉਲਝਣ ਹੋਵੇਗੀ, ਅਤੇ ਲੋਕਾਂ ਵਿੱਚ ਕਸ਼ਟ ਹੋਵੇਗਾ। ਮੈਂ ਪੜ੍ਹਿਆ ਹੈ ਕਿ ਆਖਰੀ ਦਿਨਾਂ ਵਿੱਚ ਸਾਰੇ ਲੋਕ ਸੰਸਥਾਵਾਂ ਅਤੇ ਮਜ਼ਹਬੀ ਸੰਘਠਨਾਂ ਵਿੱਚ ਚਲੇ ਜਾਣਗੇ, ਅਤੇ ਇੱਕ ਗਠਜੋੜ ਬਣਾ ਲੈਣਗੇ। ਮੈਂ ਸਮਝ ਗਿਆ ਹਾਂ ਕਿ ਔਰਤਾਂ ਆਖਰੀ ਦਿਨਾਂ ਵਿੱਚ ਆਪਣੇ ਵਾਲਾਂ ਦੇ ਪੱਟੇ ਬਣਾਉਣਗੀਆਂ। ਮੈਂ

ਸਮਝਦਾ ਹਾਂ ਕਿ ਉਹ ਆਖਰੀ ਦਿਨਾਂ ਵਿੱਚ, ਛੋਟੇ ਕੱਪੜੇ ਪਾਉਣਗੀਆਂ, ਅਤੇ ਉੱਚੀ-ਅੱਡੀ ਵਾਲਿਆਂ ਜੁੱਤੀਆਂ ਪਾ ਕੇ ਤੁਰਣਗੀਆਂ, ਤੁਰਦੀਆਂ ਹੋਈਆਂ ਝਣਝਣ ਕਰਣਗੀਆਂ। ਮੈਂ ਸਮਝਦਾ ਹਾਂ ਕਿ ਆਖਰੀ ਦਿਨਾਂ ਵਿੱਚ ਮਨੋਬਲ ਬਹੁਤ ਡਿੱਗ ਜਾਵੇਗਾ। ਮੈਂ ਸਮਝਦਾ ਹਾਂ ਕਿ ਆਖਰੀ ਦਿਨਾਂ ਵਿੱਚ ਪ੍ਰਚਾਰਕ ਝੂਠੇ ਚਰਵਾਹੇ ਹੋਣਗੇ, ਜੋ ਸਮਝੌਤਾ ਕਰਨਗੇ, ਅਤੇ ਲੋਕਾਂ ਨੂੰ ਪਰਮੇਸ਼ੁਰ ਦਾ ਬਚਨ ਨਹੀਂ ਖੁਆਣਗੇ, ਸਗੋਂ ਮੱਤਾਂ ਅਤੇ ਚੀਜ਼ਾਂ ਦੇ ਪਿੱਛੇ ਲੱਗ ਜਾਣਗੇ। ਪਰ ਮੈਂ ਸਮਝਦਾ ਹਾਂ ਕਿ ਆਖਰੀ ਦਿਨਾਂ ਵਿੱਚ ਇੱਕ ਆਵਾਜ਼ ਆਵੇਗੀ, ਜੋ ਉਜਾੜ ਵਿੱਚੋਂ ਪੁਕਾਰਦੀ ਹੈ, ਲੋਕਾਂ ਨੂੰ ਮੂਲ ਸੰਦੇਸ਼ ਵੱਲ, ਪਰਮੇਸ਼ੁਰ ਦੀਆਂ ਚੀਜ਼ਾਂ ਵੱਲ ਵਾਪਸ ਬੁਲਾਵੇਗੀ। ਮੈਂ ਇਹ ਗੱਲਾਂ ਕਿਤਾਬ ਦੁਆਰਾ ਸਮਝਦਾ ਹਾਂ, ਉਹ ਚੀਜ਼ਾਂ ਵਾਪਰਨਗੀਆਂ।

91 ਮੈਂ ਸਮਝਦਾ ਹਾਂ ਕਿ ਆਖਰੀ ਦਿਨਾਂ ਵਿੱਚ ਇੱਕ ਅਕਾਲ ਪਵੇਗਾ। ਕਲੀਸਿਯਾਵਾਂ ਇੰਨੀਆਂ ਸੰਗਠਿਤ ਹੋ ਜਾਣਗੀਆਂ, ਅਤੇ ਇੰਨੀਆਂ ਵਿਵਸਥਿਤ ਅਤੇ ਸਭ ਕੁਝ, ਕਿ ਅੰਤ ਦੇ ਦਿਨਾਂ ਵਿੱਚ ਅਕਾਲ ਪਵੇਗਾ, ਅਤੇ ਇਹ ਨਿਰਾ ਰੋਟੀ ਅਤੇ ਪਾਣੀ ਦਾ ਨਹੀਂ ਹੋਵੇਗਾ, ਸਗੋਂ ਪਰਮੇਸ਼ੁਰ ਦੇ ਸੱਚੇ ਬਚਨ ਨੂੰ ਸੁਣਨ ਦਾ ਹੋਵੇਗਾ। ਅਤੇ ਪਰਮੇਸ਼ੁਰ ਦੇ ਸੱਚੇ ਵਚਨ ਨੂੰ ਭਾਲਣ ਲਈ, ਲੋਕ ਪੂਰਬ, ਪੱਛਮ, ਉੱਤਰ, ਅਤੇ ਦੱਖਣ ਵਿੱਚ ਜਾਣਗੇ। ਪਰ ਕਲੀਸਿਯਾਵਾਂ ਇੰਨੀਆਂ ਸੰਗਠਿਤ ਅਤੇ ਕੱਸੀਆਂ ਹੋਈਆਂ ਹੋਣਗੀਆਂ ਕਿ ਉਹ ਇਸਨੂੰ ਸੁਣਨ ਵਿੱਚ ਅਸਮਰੱਥ ਹੋਣਗੇ। ਮੈਂ ਇਸਨੂੰ ਪੁਸਤਕਾਂ ਦੁਆਰਾ ਸਮਝਦਾ ਹਾਂ। ਪਰ, ਉਸ ਦਿਨ, ਹੇ ਪਰਮੇਸ਼ੁਰ, ਦਾਊਦ ਤੋਂ ਇੱਕ ਸ਼ਾਖ ਨਿਕਲੇਗੀ।

92 ਮੈਂ ਸਮਝਦਾ ਹਾਂ ਕਿ ਅੰਤ ਸਮੇਂ ਤੇ ਉਹ ਦਿਨ ਆਉਣ ਤੋਂ ਪਹਿਲਾਂ ਉਹ ਏਲੀਯਾਹ ਨੂੰ ਭੇਜੇਗਾ, ਅਤੇ ਉਸ ਕੋਲ ਇੱਕ ਸੰਦੇਸ਼ ਹੋਵੇਗਾ ਜੋ ਬਾਲਕ ਦੇ ਦਿਲਾਂ ਨੂੰ ਪਿਤਾਵਾਂ ਵੱਲ ਮੋੜ ਦੇਵੇਗਾ, ਉਨ੍ਹਾਂ ਨੂੰ ਮੂਲ ਵੱਲ ਵਾਪਸ ਮੋੜ ਦਵੇਗਾ, ਵਾਪਸ ਸ਼ੁਰੂਆਤ ਵਿੱਚ ਲੈ ਕੇ ਜਾਵੇਗਾ, ਅਤੇ ਸ਼ੁਰੂਆਤ ਕਰੇਗਾ। ਮੈਂ ਸਮਝਦਾ ਹਾਂ ਕਿ ਇਹ ਉਦੋਂ ਹੋਵੇਗਾ, ਜਦੋਂ ਆਤਮਾ ਪਰਾਈਆਂ ਕੌਮਾਂ ਦੀ ਕਲੀਸਿਯਾ ਨੂੰ ਛੱਡ ਕੇ, ਯਹੂਦੀਆਂ ਵੱਲ ਵਾਪਸ ਪਰਤੇਗਾ।

93 ਅਤੇ ਮੈਂ ਇਸ ਨੂੰ ਸਿਰਫ਼ ਪੱਤਰੀਆਂ ਦੁਆਰਾ ਨਹੀਂ ਸਮਝਿਆ ਹੈ। ਮੈਂ ਬਚਨ ਦੁਆਰਾ, ਲਿਖਤੀ ਬਚਨ ਦੁਆਰਾ ਸਮਝਿਆ ਹੈ, ਕਿ ਇਜ਼ਰਾਈਲ ਆਪਣੇ ਵਤਨ ਵਾਪਸ ਆ ਜਾਵੇਗਾ; ਅਤੇ ਮੈਂ ਉਸਨੂੰ ਅੰਦਰ ਜਾਂਦਾ ਵੇਖਦਾ ਹਾਂ।

94 ਮੈਂ ਨਬੀਆਂ ਦੀਆਂ ਪੱਤਰੀਆਂ ਤੋਂ ਸਮਝਦਾ ਹਾਂ ਕਿ ਇਜ਼ਰਾਈਲ ਇੱਕ ਦੇਸ਼ ਬਣੇਗਾ। ਉਹ ਮੰਦਰ ਦੀ ਅਰਾਧਨਾ ਨੂੰ ਦੁਬਾਰਾ ਸਥਾਪਿਤ ਕਰਨਗੇ। ਜਦੋਂ

ਉਹ ਆਪਣੇ ਵਤਨ ਮੁੜ ਆਉਣਗੇ ਤਾਂ ਪਰਮੇਸ਼ੁਰ ਉਸ ਨਾਲ ਦੁਬਾਰਾ ਗੱਲ ਕਰੇਗਾ। ਔਹ! ਅੰਤ ਦੇ ਦਿਨਾਂ ਵਿੱਚ ਉਹਨਾਂ ਦੇ ਨਾਲ, ਦੋ ਨਬੀ ਉੱਠਣਗੇ। ਮੈਂ ਇਹ ਸਮਝਦਾ ਹਾਂ। ਜਿਵੇਂ ਹੀ ਪਰਾਈਆਂ ਕੌਮਾਂ ਦੀ ਕਲੀਸਿਯਾ ਬਾਹਰ ਜਾਂਦੀ ਹੈ, ਦੋ ਨਬੀ ਆ ਜਾਂਦੇ ਹਨ, ਅਲੀਸ਼ਾ ਅਤੇ ਮੂਸਾ, ਇਜ਼ਰਾਈਲ ਕੋਲ। ਜਦ ਅਸੀਂ ਇਸ ਵਿੱਚੋਂ ਜਾਵਾਂਗੇ ਤਾਂ ਇਸ ਨੂੰ ਲਵਾਂਗੇ।

95 ਨਬੀ ਨੇ ਦੇਖਿਆ ਕਿ ਬਾਬਲ ਵਿੱਚ ਸਮਾਂ ਲਗਭਗ ਪੂਰਾ ਹੋ ਗਿਆ ਸੀ। ਠੀਕ ਹੈ।

96 ਜਿਬਰਾਏਲ ਪ੍ਰਗਟ ਹੁੰਦਾ ਹੈ, ਨਾ ਸਿਰਫ਼ ਉਹ ਪ੍ਰਗਟ ਕਰਨ ਲਈ ਜੋ ਉਹ ਪੁੱਛ ਰਿਹਾ ਸੀ, ਪਰ ਉਸਨੂੰ ਇਹ ਸਭ ਕੁਝ ਦੱਸਣ ਲਈ ਜੋ ਯਹੂਦੀ ਕੌਮ ਲਈ, ਆਖ਼ਰ ਤੱਕ ਕੀ ਨਿਰਧਾਰਤ ਹੋਇਆ ਹੈ। ਆਮੀਨ! ਉਸਨੇ ਥੋੜ੍ਹਾ ਜਿਹਾ ਪੁੱਛਿਆ, ਅਤੇ ਪੂਰੀ ਗੱਲ ਸਮਝ ਆ ਗਈ। ਉਸਨੇ ਸਿਰਫ਼ ਜਾਣਨ ਲਈ ਪੁੱਛਿਆ ਸੀ...

97 ਦਾਨੀਏਲ ਨੂੰ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, "ਕਿੰਨਾ ਚਿਰ ਹੋਰ, ਪ੍ਰਭੂ, ਕੀ ਇਹ ਹੁਣ ਹੋਵੇਗਾ? ਯਿਰਮਿਯਾਹ ਨਬੀ, ਤੁਹਾਡੇ ਸੇਵਕ, ਮੇਰਾ ਭਰਾ, ਨੇ ਅਠਾਹਠ ਸਾਲ ਪਹਿਲਾਂ ਭਵਿੱਖਬਾਣੀ ਕੀਤੀ ਸੀ, ਅਤੇ ਕਿਹਾ ਸੀ, 'ਸੱਤਰ ਸਾਲ ਲਈ ਲੋਕ ਇੱਥੇ ਰਹਿਣਗੇ।' ਸਾਰੀ ਪੁਰਾਣੀ ਪੀੜ੍ਹੀ ਹੁਣ ਅਮਲੀ ਤੌਰ ਤੇ ਬੀਤ ਚੁੱਕੀ ਹੈ।"

98 ਇੱਕ ਪੁਰਾਣੀ ਪੈਂਟੀਕੋਸਟਲ ਪੀੜ੍ਹੀ ਹੈ ਜੋ ਚਾਲੀ ਸਾਲ ਪਹਿਲਾਂ ਉੱਭਰੀ ਸੀ। ਉਹਨਾਂ ਨੂੰ "ਪੁਰਾਣੇ ਯੋਧੇ," ਕਿਹਾ ਗਿਆ ਸੀ। ਉਨ੍ਹਾਂ ਨੇ ਹੋਰੇਬ ਪਹਾੜ ਅਤੇ ਨਬੋ ਦੇ ਪਾਰ, ਸਾਰੇ ਪਾਸੇ ਸੰਗਠਿਤ ਕੀਤਾ, ਮਾਰ-ਕੁੱਟ, ਅਤੇ ਹੰਗਾਮਾ ਕੀਤਾ। ਪਰ, ਅੰਤ ਵਿੱਚ, ਅਸੀਂ ਹੁਣ ਨਦੀ ਤੇ ਹਾਂ। ਉਹ ਇੱਕ ਨਵਾਂ ਖੜ੍ਹਾ ਕਰਨ ਜਾ ਰਿਹਾ ਹੈ, ਜਿਸ ਵਿੱਚ ਇੱਕ ਯਹੋਸ਼ੁਆ ਉਨ੍ਹਾਂ ਨੂੰ ਸੰਭਾਲੇਗਾ। ਸ਼ਰਾ ਅਸਫਲ ਰਹੀ; ਮੂਸਾ ਇਸਦੇ ਨਾਲ ਚਲਾ ਗਿਆ; ਮੂਸਾ ਅਸਫਲ ਰਿਹਾ। ਯਹੋਸ਼ੁਆ ਨੇ ਉਨ੍ਹਾਂ ਨੂੰ ਲੈ ਲਿਆ। ਸਾਨੂੰ ਪਤਾ ਲੱਗਦਾ ਹੈ ਕਿ ਸੰਗਠਨ ਅਸਫਲ ਹੋ ਗਏ ਹਨ, ਪਰ ਪਰਮੇਸ਼ੁਰ ਦਾ ਆਤਮਾ...ਯਹੋਸ਼ੁਆ, ਵਚਨ *ਯਹੋਸ਼ੁਆ*, ਦਾ ਅਰਥ ਹੈ "ਯਿਸੂ ਸਾਡਾ ਮੁਕਤੀਦਾਤਾ।" ਕਿ, ਪਵਿੱਤਰ ਆਤਮਾ ਕਲੀਸਿਯਾ ਵਿੱਚ ਆਵੇਗਾ। ਕੋਈ ਸੰਗਠਨ ਨਹੀਂ, ਪਰ ਪਵਿੱਤਰ ਆਤਮਾ ਲੋਕਾਂ ਵਿੱਚ ਆਵੇਗਾ ਅਤੇ ਉਸਨੂੰ ਜਰਦਨ ਨੂੰ ਪਾਰ ਕਰਨ ਲਈ ਤਿਆਰ ਕਰੇਗਾ। ਮੈਂ ਪੁਸਤਕ ਨੂੰ ਪੜ੍ਹਨ ਦੁਆਰਾ ਇਹ ਸਮਝਦਾ ਹਾਂ ਕਿ ਇਹੀ ਹੋਣ ਵਾਲਾ ਹੈ। ਅਤੇ ਪਰਮੇਸ਼ੁਰ ਜਾਣਦਾ ਹੈ ਕਿ ਮੈਂ ਹੁਣ ਇਹੀ ਚਾਹੁੰਦਾ ਹਾਂ, ਤਾਂ ਜੋ ਮੈਂ ਉਸਦੇ ਲੋਕਾਂ ਨੂੰ ਦਿਲਾਸਾ ਦੇ ਸਕਾਂ ਅਤੇ ਉਨ੍ਹਾਂ ਨੂੰ ਦੱਸ ਸਕਾਂ ਕਿ ਕੀ ਹੋਣ ਵਾਲਾ ਹੈ, ਅੱਜ ਸਵੇਰੇ ਇੱਥੇ,

ਅਤੇ ਉਨ੍ਹਾਂ ਥਾਵਾਂ ਤੇ ਜਿੱਥੇ ਇਹ ਟੇਪਾਂ ਜਾਣਗੀਆਂ, ਪੂਰੀ ਦੁਨੀਆ ਵਿੱਚ, ਕਿ ਅਸੀਂ ਅੰਤ ਦੇ ਸਮੇਂ ਤੇ ਹਾਂ।

99 ਉਸ ਨੇ ਰਾਜ ਬਹਾਲ ਹੋਣ ਤਕ ਸਭ ਕੁਝ ਪ੍ਰਗਟ ਕੀਤਾ ਅਤੇ ਜਦ ਹਜ਼ਾਰ ਸਾਲ ਸ਼ੁਰੂ ਹੋ ਗਿਆ। ਇਹ ਜਿਬਰਾਏਲ ਦਾ ਸੰਦੇਸ਼ ਸੀ। ਉਸ ਨੇ ਕਿਹਾ, "ਮੈਂ ਤੁਹਾਨੂੰ ਦੱਸਣ ਆਇਆ ਹਾਂ ਕਿ ਸੱਤਰ ਸਾਲ ਹਨ, ਸੱਤਰ ਸਾਤੇ ਅਜੇ ਰਹਿੰਦੇ ਹਨ, ਜੋ ਤੇਰੇ ਲੋਕਾਂ ਲਈ ਠਹਿਰਾਏ ਗਏ ਹਨ, ਯਹੂਦੀ ਪੀੜ੍ਹੀ ਦੇ ਅੰਤ ਤਕ ਠਹਿਰਾਏ ਗਏ ਹਨ। ਸੱਤਰ ਸਾਤੇ ਅਜੇ ਰਹਿੰਦੇ ਹਨ।" ਹੁਣ ਦੇਖੋ ਉਸਨੇ ਕੀ ਕਿਹਾ। ਹੁਣ, ਬਹਾਲ ਕਰਨ ਲਈ ਆਗਿਆ ਨਿਕਲਣ ਤੋਂ...

ਸੱਤਰ ਸਾਤੇ ਤੇਰੇ ਲੋਕਾਂ ਅਤੇ ਤੇਰੇ...ਸ਼ਹਿਰ,...ਲਈ ਠਹਿਰਾਏ ਗਏ ਹਨ,

"ਤੇਰੇ ਸ਼ਹਿਰ ਲਈ।" ਬਾਬਲ ਉਸਦਾ ਸ਼ਹਿਰ ਨਹੀਂ ਸੀ। ਕੌਣ ਸੀ...ਉਸ ਦਾ ਸ਼ਹਿਰ ਕਿੱਥੇ ਸੀ? ਯਰੂਸ਼ਲਮ।

100 ਹੁਣ, ਜਦੋਂ ਅਸੀਂ ਪਹੁੰਚਾਂਗੇ ਉਸ ਸੱਤ, ਜਾਂ ਛੇ-ਗੁਣਾ ਪੁਸ਼ਟੀ ਤੇ, ਅਸੀਂ ਪਤਾ ਲਗਾਵਾਂਗੇ ਕਿ ਉਹ ਸ਼ਹਿਰ ਕਿਹੜਾ ਸੀ, ਅਤੇ ਉਸਨੂੰ ਥੱਲੇ ਲਿਆ ਕੇ ਸਾਬਤ ਕਰਾਂਗੇ ਕਿ ਉਹ ਕੌਣ ਸੀ ਕਿਸ ਨੇ ਉਸ ਦੀ ਨੀਂਹ ਰੱਖੀ, ਅਤੇ ਉਹ ਕਿੱਥੋਂ ਆਇਆ ਸੀ। ਇਹ ਕਿੰਨਾ ਚਿਰ ਖੜ੍ਹਾ ਰਹੇਗਾ? ਕੀ ਇਸਨੂੰ ਦੁਬਾਰਾ ਬਣਾਇਆ ਜਾਵੇਗਾ? ਕਿੰਨੇ ਸਮੇਂ ਵਿੱਚ? ਔਹ, ਸਾਡੇ ਲਈ ਬਹੁਤ ਮਹਾਨ ਚੀਜ਼ਾਂ ਭੰਡਾਰ ਵਿੱਚ ਹਨ। ਠੀਕ ਹੈ।

ਸੱਤਰ ਸਾਤੇ ਤੇਰੇ ਲੋਕਾਂ ਅਤੇ ਤੇਰੇ...ਸ਼ਹਿਰ ਲਈ ਠਹਿਰਾਏ ਗਏ ਹਨ ਭਈ ਉਸ ਸਮੇਂ ਵਿੱਚ ਉਹ ਉਸ ਅਪਰਾਧ ਨੂੰ ਮੁਕਾਏ,...

ਹੁਣ, ਉਸਨੇ ਕਦੇ ਨਹੀਂ ਕਿਹਾ, "ਦਾਨੀਏਲ..." ਕੋਈ ਸ਼ੱਕ ਨਹੀਂ ਪਰ ਉਸਨੇ ਉਸਨੂੰ ਦੱਸਿਆ ਕਿ ਸੱਤਰ ਸਾਤੇ ਸਨ...ਮੇਰਾ ਮਤਲਬ ਹੈ, ਸੱਤਰ ਸਾਲ ਲਗਭਗ ਪੂਰੇ ਹੋਣ ਵਾਲੇ ਸਨ। ਅਠਾਹਠ, ਸਿਰਫ਼ ਦੋ ਸਾਲ ਘੱਟ ਸਨ। ਅਤੇ ਸਾਨੂੰ ਪਤਾ ਲੱਗਦਾ ਹੈ ਕਿ ਯਿਰਮਿਯਾਹ ਦੀ ਭਵਿੱਖਬਾਣੀ ਬਿਲਕੁਲ ਸਹੀ ਨਿਕਲੀ। ਦੋ ਸਾਲ ਬਾਅਦ, ਉਹ ਬਾਹਰ ਚਲੇ ਗਏ। ਨਹਮਯਾਹ ਨੇ ਜਾ ਕੇ ਰਾਜੇ ਤੋਂ ਹੁਕਮ ਲਿਆ, ਅਤੇ ਔਖੇ ਸਮੇਂ ਵਿੱਚ ਕੰਧ ਬਣਾਈ। ਉਨ੍ਹਾਂ ਨੇ ਕੰਮ ਕੀਤਾ। ਉਸ ਨੇ ਕਿਹਾ, "ਕੰਧ..." ਇਸ ਨੂੰ ਸੁਣੋ।

...ਅਪਰਾਧ ਨੂੰ ਮੁਕਾਏ,...ਪਾਪਾਂ ਦਾ ਅੰਤ ਕਰੇ,...

"ਪਾਪਾਂ ਦਾ ਅੰਤ ਕਰੇ।" ਕਿਸ ਦੇ? ਯਹੂਦੀਆਂ ਦੇ। "ਤੇਰੇ ਲੋਕਾਂ ਲਈ ਠਹਿਰਾਏ ਗਏ ਹਨ," ਪਰਾਈਆਂ ਕੌਮਾਂ ਲਈ ਨਹੀਂ। "ਤੇਰੇ ਲੋਕਾਂ ਲਈ,"

ਯਹੂਦੀਆਂ ਲਈ। "ਅਤੇ ਤੇਰੇ ਸ਼ਹਿਰ ਲਈ," ਨਿਊਯਾਰਕ ਲਈ ਨਹੀਂ, ਬੋਸਟਨ, ਫਿਲੇਦਿਲਫਿਆ, ਸ਼ਿਕਾਗੋ, ਲਾਸ ਏਂਜਲਸ, ਰੋਮ ਲਈ ਨਹੀਂ। ਪਰ, "ਤੇਰੇ ਸ਼ਹਿਰ ਲਈ," ਯਰੂਸ਼ਲਮ ਲਈ।

> *...ਅਤੇ ਅਪਰਾਧ ਨੂੰ ਮੁਕਾਏ,...ਅਤੇ ਪਾਪਾਂ ਦਾ ਅੰਤ ਕਰੇ,... ਬੁਰਿਆਈ ਦਾ ਪਰਾਸਚਿਤ ਕਰੇ, ਅਤੇ ਸਦਾ ਦਾ ਧਰਮ ਲਿਆਵੇ ਅਤੇ, ਦਰਿਸ਼ਟ ਅਰ ਅਗੰਮ ਵਾਕ ਉੱਤੇ ਮੋਹਰ ਲਾਵੇ, ਅਤੇ ਅੱਤ ਪਵਿੱਤ੍ਰ ਨੂੰ ਮਸਹ ਕਰੇ।* (ਦੇਖੋ!)
>
> *ਸੋ ਤੂੰ ਜਾਣ ਅਤੇ ਸਮਝ ਲੈ, ਕਿ ਜਿਸ ਵੇਲੇ ਤੋਂ ਯਰੂਸ਼ਲਮ ਦੀ ਬਹਾਲੀ ਅਤੇ ਦੂਜੀ ਵਾਰ ਉਸਾਰਨ ਦੀ ਆਗਿਆ ਨਿੱਕਲੇਗੀ* (ਜੋ ਉਸਦਾ ਸ਼ਹਿਰ ਸੀ) *ਤਕ...ਮਸੀਹ ਰਾਜ ਪੁੱਤ੍ਰ ਤੀਕਰ* (ਸੱਤਰਾਂ ਵਿੱਚੋਂ) *ਸੱਤ ਸਾਤੇ ਹੋਣਗੇ,...*

101 ਉਦੋਂ ਤਕ ਰੁਕੋ ਜਦੋਂ ਤਕ ਅਸੀਂ ਇਸ ਨੂੰ ਸਮਝ ਨਹੀਂ ਜਾਂਦੇ! ਔਹ, ਮੇਰੇ! ਇਹ ਇੱਕ ਆਸ਼ੀਸ ਹੈ ਕਿ ਮੈਂ...ਮੈਂ ਆਪਣੇ ਲਈ ਇੱਕ ਰੱਸੀ ਲੈ ਕੇ ਆਵਾਂਗਾ ਅਤੇ ਆਪਣੇ ਆਪ ਨੂੰ ਇੱਥੇ ਉਸ ਜਗ੍ਹਾ ਨਾਲ ਬੰਨ੍ਹ ਲਵਾਂਗਾ।

102 ਇਸਨੂੰ ਹੇਠਾਂ ਤੱਕ ਪ੍ਰਗਟ ਕੀਤਾ, ਕਿਹਾ, "ਮੈਂ ਹੁਣ ਤੈਨੂੰ ਸਿਰਫ਼ ਇਹ ਹੀ ਨਹੀਂ ਦੱਸਣ ਜਾ ਰਿਹਾ ਹਾਂ ਕਿ ਹੁਣ ਦੋ ਸਾਲ ਹੀ ਬਾਕੀ ਹਨ, ਇਹ ਤਾਂ ਪੂਰੇ ਹੋ ਜਾਣਗੇ, ਮੁਕੰਮਲ ਹੋ ਜਾਣਗੇ।" ਅਤੇ ਅਸੀਂ ਸਾਰੇ ਜਾਣਦੇ ਹਾਂ ਕਿ ਉਹ ਉੱਥੇ ਸੱਤਰ ਸਾਲ ਰਹੇ, ਅਤੇ—ਅਤੇ ਬਿਲਕੁਲ ਉਸੇ ਤਰਾਂ ਬਾਹਰ ਚਲੇ ਗਏ, ਜਿਵੇਂ ਨਬੀ ਨੇ ਕਿਹਾ ਸੀ। ਅਤੇ ਯਸਾਯਾਹ, ਜਾਂ ਮੇਰਾ ਮਤਲਬ ਹੈ...ਦਾਨੀਏਲ ਨੇ ਉਸ ਨਬੀ ਤੇ ਵਿਸ਼ਵਾਸ ਕੀਤਾ, ਇਸ ਲਈ ਉਹ ਇੱਥੇ, ਤਿਆਰ ਸੀ। ਠੀਕ ਹੈ। ਅਤੇ ਉਹ...

103 ਅਤੇ ਹੁਣ, ਜਦੋਂ ਜਿਬਰਾਏਲ ਆਇਆ, ਉਸਨੇ ਕਿਹਾ, "ਮੈਂ ਤੈਨੂੰ ਸਾਰਾ ਕੁਝ ਦਿਖਾਉਣ ਲਈ ਆਇਆ ਹਾਂ, ਤੇਰੇ ਤੇ ਇਹ ਗੱਲਾਂ ਪ੍ਰਗਟ ਕਰਨ ਲਈ ਆਇਆ ਹਾਂ, ਕਿ, ਜੋ ਪੂਰੇ ਅਰ ਠਹਿਰਾਏ ਹੋਏ ਅੰਤ ਤੀਕਰ।" ਸਮਝੇ? ਵੇਖੋ।

> *...ਘਿਣਾਉਣੀਆਂ ਵਸਤਾਂ ਦੇ ਪਰ ਉੱਤੇ ਇੱਕ ਆਵੇਗਾ, ਜੋ ਪੂਰੇ ਅਰ ਠਹਿਰਾਏ ਹੋਏ ਅੰਤ ਤੀਕਰ,...*

104 *ਅੰਤ ਤੀਕਰ* ਦਾ ਅਰਥ ਹੈ "ਸਾਰੀਆਂ ਚੀਜਾਂ ਦਾ ਅੰਤ।" "ਮੈਂ ਤੁਹਾਨੂੰ ਦਿਖਾਉਣ ਜਾ ਰਿਹਾ ਹਾਂ ਕਿ ਕੀ ਹੋਵੇਗਾ।" ਹੁਣ ਸੁਣੋ। ਇਸ ਨੂੰ ਸਮਝੋ! "ਮੈਂ... ਦਾਨੀਏਲ, ਮੈਂ ਭੇਜਿਆ ਗਿਆ ਹਾਂ। ਤੂੰ ਸਵਰਗ ਵਿੱਚ ਪਿਆਰਾ ਹੈਂ। ਅਤੇ ਮੈਂ ਤੇਰੀਆਂ ਪ੍ਰਾਰਥਨਾਵਾਂ ਸੁਣੀਆਂ ਹਨ ਅਤੇ ਹੁਣ ਮੈਂ ਤੈਨੂੰ ਇਹ ਦੱਸਣ ਲਈ ਹੇਠਾਂ

ਆਇਆ ਹਾਂ ਕਿ ਯਹੂਦੀਆਂ ਅਤੇ ਯਰੂਸ਼ਲਮ ਲਈ ਕੀ ਠਹਿਰਾਇਆ ਗਿਆ ਹੈ, ਹੁਣ ਤੋਂ ਲੈ ਕੇ ਅੰਤ ਤੀਕਰ, ਸਾਰੀ ਗੱਲ।"

105 ਹੁਣ, ਤੁਸੀਂ ਸਮਝ ਗਏ, ਜਮਾਤ? ਜੇ ਅਸੀਂ ਇਹ ਪਤਾ ਲਗਾ ਸਕੀਏ ਕਿ ਇਹ ਸੱਤਰ ਸਾਤੇ ਕੀ ਹਨ, ਤਾਂ ਅਸੀਂ ਜਾਣ ਜਾਵਾਂਗੇ ਕਿ ਅੰਤ ਕਦੋਂ ਹੈ। ਔਹ, ਮੇਰੇ! ਪਰਮੇਸ਼ੁਰ ਇਹ ਜਾਣਨ ਵਿੱਚ ਸਾਡੀ ਮਦਦ ਕਰ। ਇਹ ਸਾਨੂੰ ਇਨ੍ਹਾਂ ਪੰਨਿਆਂ ਵਿੱਚ ਕਿਤੇ ਨਾ ਕਿਤੇ ਦੱਸਦਾ ਹੈ, ਬਿਲਕੁਲ ਉਸ ਸਮੇਂ ਤੋਂ ਲੈ ਕੇ ਹੁਣ ਤੱਕ, ਜਦੋਂ ਤੱਕ ਇਹ ਅੰਤ ਤੀਕਰ ਨਹੀਂ ਪਹੁੰਚ ਜਾਂਦਾ, ਅਤੇ ਇਹ ਇੱਕ ਮਿੰਟ ਵੀ ਨਹੀਂ ਖੁੰਝੇਗਾ।

106 ਪਰਮੇਸ਼ੁਰ ਦਾ ਵਚਨ ਕਿੰਨਾ ਮਹਾਨ...ਜਦੋਂ ਪਰਮੇਸ਼ੁਰ ਨੇ ਧਰਤੀ ਬਣਾਈ ਅਤੇ ਇਸਨੂੰ ਆਪਣੇ ਧੁਰੇ ਵਿੱਚ ਰੱਖਿਆ। ਅਤੇ ਮੈਂ ਕਿਸੇ ਰਾਤ ਪ੍ਰਚਾਰ ਕਰ ਰਿਹਾ ਸੀ, ਐਤਵਾਰ ਰਾਤ, ਕਿ ਕਿਵੇਂ ਕੁਝ ਵੀ ਅਸਫਲ ਨਹੀਂ ਹੁੰਦਾ। ਕੀ, ਇਹ ਧਰਤੀ ਇੰਨੀ ਸੰਪੂਰਨਤਾ ਨਾਲ ਘੁੰਮਦੀ ਹੈ ਕਿ ਉਹ ਤੁਹਾਨੂੰ ਬਿਲਕੁਲ ਦੱਸ ਸਕਦੇ ਕਿ ਸੂਰਜ ਅਤੇ ਚੰਦ ਕਦੋਂ ਲੰਘਣਗੇ, ਅੱਜ ਤੋਂ ਵੀਹ ਸਾਲਾਂ ਬਾਅਦ, ਬਿਲਕੁਲ ਉਸੇ ਮਿੰਟ ਵਿੱਚ। ਮੈਂ ਇਹ ਤੁਹਾਨੂੰ ਕਿਸੇ ਵੀ ਘੜੀ ਤੋਂ ਨਹੀਂ ਦੱਸ ਸਕਦਾ, ਜੋ ਸਾਡੇ ਕੋਲ ਇਸ ਦੁਨੀਆਂ ਵਿੱਚ ਹੈ; ਇਹ ਹਰ ਮਹੀਨੇ ਦੋ ਜਾਂ ਤਿੰਨ ਮਿੰਟ ਪਿੱਛੇ ਹੋ ਜਾਵੇਗੀ, ਜਾਂ ਦੋ ਜਾਂ ਤਿੰਨ ਮਿੰਟ ਅੱਗੇ ਵੱਧ ਜਾਵੇਗੀ, ਜੋ ਵੀ ਸਾਡੇ ਕੋਲ ਸਭ ਤੋਂ ਵਧੀਆ ਹੈ। ਅਸੀਂ ਕੁਝ ਵੀ ਇੰਨਾ ਸੰਪੂਰਨ ਨਹੀਂ ਬਣਾ ਸਕਦੇ। ਕਿਉਂਕਿ, ਸਿਰਫ਼ ਇੱਕ ਹੀ ਚੀਜ਼ ਸੰਪੂਰਨ ਹੈ, ਉਹ ਹੈ ਪਰਮੇਸ਼ੁਰ। ਅਤੇ ਪਰਮੇਸ਼ੁਰ ਅਤੇ ਉਸਦਾ ਵਚਨ ਇੱਕੋ ਹੀ ਹਨ, ਇਸ ਲਈ ਪਰਮੇਸ਼ੁਰ ਦਾ ਵਚਨ ਸੰਪੂਰਨ ਹੈ।

107 ਅਤੇ ਜੇ ਅਸੀਂ ਇਨ੍ਹਾਂ ਦਿਨਾਂ ਨੂੰ ਲੱਭ ਸਕਦੇ ਹਾਂ, ਤਾਂ ਅਸੀਂ ਬਿਲਕੁਲ ਪਤਾ ਲਗਾਵਾਂਗੇ ਕਿ ਸਮਾਪਤੀ ਕਦੋਂ ਹੋਵੇਗੀ। ਕੀ ਤੁਸੀਂ ਸਮਝ ਗਏ? "ਇਹ ਅੰਤ ਤੀਕ ਠਹਿਰਰਾਇਆ ਗਿਆ ਹੈ।" 24ਵੀਂ ਆਇਤ, "ਤੇਰੇ ਲੋਕ ਅਤੇ ਤੇਰਾ ਪਵਿੱਤਰ ਸ਼ਹਿਰ," ਜੋ ਯਰੂਸ਼ਲਮ ਹੈ। 21ਵੀਂ ਆਇਤ ਲਈ ਹੈ...ਇੱਥੇ 24ਵੀਂ ਆਇਤ ਹੈ। ਯਿਸੂ ਨੇ ਮੱਤੀ 24 ਵਿੱਚ ਇਸਦਾ ਜ਼ਿਕਰ ਕੀਤਾ ਸੀ।

108 ਹੁਣ, ਭਾਈ ਕੋਲਿਨਜ਼, ਜੇ ਉਹ ਅੱਜ ਸਵੇਰੇ ਇੱਥੇ ਹੈ, ਮੈਨੂੰ ਨਹੀਂ ਪਤਾ ਕਿ ਉਹ ਹੈ ਜਾਂ ਨਹੀਂ। ਉਸ ਰਾਤ ਪ੍ਰਸ਼ਨਾਂ ਵਿੱਚ, ਉਸਨੇ ਇੱਕ ਪ੍ਰਸ਼ਨ ਪੁੱਛਿਆ ਸੀ। (ਮੇਰਾ ਖਿਆਲ ਹੈ ਕਿ ਇਹ ਕਹਿਣਾ ਮੇਰੇ ਲਈ ਠੀਕ ਹੈ, ਭਾਈ ਕੋਲਿਨਜ਼।) ਇਸ ਬਾਰੇ, "'ਉਹ ਘਿਣਾਉਣੀ ਚੀਜ਼ ਜੋ ਉਜਾੜਦੀ ਹੈ,' ਦੇਖੋ, ਇਸਦਾ ਕੀ ਅਰਥ ਸੀ?"

109 ਯਿਸੂ ਨੇ ਇਸ ਬਾਰੇ ਮੱਤੀ ਦੇ 24ਵੇਂ ਅਧਿਆਇ ਵਿੱਚ ਗੱਲ ਕੀਤੀ ਸੀ,

ਅਤੇ ਸਾਨੂੰ ਪਤਾ ਲੱਗਦਾ ਹੈ। ਹਾਂ, ਮੱਤੀ 24:15। ਹੁਣ ਮੈਂ ਇਸ ਨੂੰ ਛੇਤੀ ਨਾਲ ਲਵਾਂਗਾ, ਤਾਂ ਜੋ ਤੁਸੀਂ ਵੇਖ ਸਕੋ, ਯਿਸੂ ਇੱਥੇ ਉਸੇ ਗੱਲ ਦੀ ਗੱਲ ਕਰ ਰਿਹਾ ਹੈ, ਦਾਨੀਏਲ ਦਾ ਹਵਾਲਾ ਦੇ ਰਿਹਾ ਹੈ। ਮੱਤੀ 24:15, ਤੁਹਾਡੇ ਲਈ ਜੋ ਲਿਖ ਰਹੇ ਹਨ। ਮੈਂ ਹੁਣ ਤੁਹਾਡੇ ਵਿੱਚੋਂ ਹਰੇਕ ਤੋਂ ਚਾਹੁੰਦਾ ਹਾਂ, ਖਾਸ ਕਰਕੇ ਅੱਜ ਰਾਤ ਅਤੇ—ਅਤੇ ਅਗਲੇ ਐਤਵਾਰ, ਪੈਨਸਿਲ ਅਤੇ ਕਾਗਜ਼ ਲਿਆਓ, ਕਿਉਂਕਿ ਅਸੀਂ...ਜੇਕਰ ਤੁਹਾਡੇ ਕੋਲ ਕੋਲ ਟੇਪ ਨਹੀਂ ਹੈ। 24, ਅਤੇ 15ਵੀਂ ਆਇਤ, "ਅਤੇ ਇਸ ਲਈ ਜਦੋਂ..."

> *ਅਤੇ ਜਦ ਤੁਸੀਂ ਉਸ ਉਜਾੜਨ ਵਾਲੀ ਘਿਣਾਉਣੀ ਚੀਜ਼ ਨੂੰ ਜਿਹ ਦੀ ਖ਼ਬਰ ਦਾਨੀਏਲ ਨਬੀ ਨੇ ਦਿੱਤੀ ਪਵਿੱਤ੍ਰ ਥਾਂ ਵਿੱਚ ਖੜੀ ਵੇਖੋਗੇ,...*

ਸੋਚੋ! ਇਹ ਚਾਰ ਸੌ ਤਿਰਾਸੀ, -ਚਾਰ, -ਪੰਜ, ਛਿਆਸੀ ਸਾਲ ਪਹਿਲਾਂ ਦੀ ਗੱਲ ਹੈ। ਚਾਰ ਸੌ ਛਿਆਸੀ ਸਾਲ ਪਹਿਲਾਂ ਦੀ।

...ਦਾਨੀਏਲ ਨਬੀ ਨੇ ਦਿੱਤੀ, ਪਵਿੱਤ੍ਰ ਥਾਂ ਵਿੱਚ ਖੜੀ ਵੇਖੋਗੇ,...

ਹੁਣ ਆਪਣੀ ਬਾਈਬਲ ਵਿੱਚ ਦੇਖੋ। ਇਹ ਬਰੈਕਟ ਵਿੱਚ ਹੈ।

...(ਜੋ ਪੜ੍ਹਦਾ ਹੈ, ਉਹ ਸਮਝੇ ਲਵੇ:)

110 ਹੁਣ, ਉਹ ਯਹੂਦੀਆਂ ਨਾਲ ਗੱਲ ਕਰ ਰਿਹਾ ਹੈ। ਉਹ ਜਾਣਨਾ ਚਾਹੁੰਦੇ ਹਨ, "ਇਸ ਮੰਦਰ ਬਾਰੇ ਕੀ ਹੈ? ਇਹ ਕਦੋਂ ਤਬਾਹ ਹੋਵੇਗਾ? ਇਹ ਦੁਬਾਰਾ ਕਦੋਂ ਬਣਾਇਆ ਜਾਵੇਗਾ? ਅਜਿਹਾ ਸਮਾਂ ਕਦੋਂ ਆਵੇਗਾ ਜਦੋਂ ਇੱਕ ਪੱਥਰ ਉੱਤੇ ਪੱਥਰ ਨਹੀਂ ਛੱਡਿਆ ਜਾਵੇਗਾ? ਇਹ ਕਿੰਨਾ ਚਿਰ ਰਹੇਗਾ?"

111 ਉਸ ਨੇ ਕਿਹਾ, "ਜਦ ਤੁਸੀਂ ਉਸ 'ਉਜਾੜਨ ਵਾਲੀ ਘਿਣਾਉਣੀ ਚੀਜ਼ ਨੂੰ ਵੇਖੋਗੇ, ਉੱਥੇ ਖੜੀ...' ਦਾਨੀਏਲ, 'ਪਵਿੱਤ੍ਰ ਥਾਂ ਵਿੱਚ ਖੜੀ ਵੇਖੋਗੇ।'" ਕਿਹਾ, "ਜਦੋਂ ਤੁਸੀਂ ਇਸਨੂੰ ਵਾਪਰਦਾ ਦੇਖੋਗੇ, ਤਾਂ ਹੁਣ ਪੜ੍ਹਨ ਵਾਲਾ ਸਮਝ ਲਵੇ ਕਿ ਉਹ ਕਿਸ ਬਾਰੇ ਗੱਲ ਕਰ ਰਿਹਾ ਹੈ।"

ਇਹੀ ਕਾਰਨ ਹੈ ਕਿ ਅਸੀਂ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰ ਰਹੇ ਹਾਂ ਕਿ ਉਹ ਇਸਨੂੰ ਇੰਨਾ ਸੰਪੂਰਨ ਬਣਾਵੇ, ਕਿ ਸ਼ੱਕ ਦਾ ਇੱਕ ਵੀ ਸਾਇਆ ਨਾ ਰਹੇ। ਕਿਉਂਕਿ, ਸਾਡੇ ਤੋਂ ਇਹ ਉਮੀਦ ਨਹੀਂ ਕੀਤੀ ਜਾਂਦੀ ਕਿ ਅਸੀਂ ਇਨ੍ਹਾਂ ਚੀਜਾਂ ਵਿੱਚ ਆਪਣਾ ਤਰਜਮਾ ਵਾੜੀਏ। ਇਹ ਤਾਂ **ਯਹੋਵਾਹ ਐਉਂ ਫਰਮਾਉਂਦਾ ਹੈ** ਰਾਹੀਂ ਆਉਣਾ ਚਾਹੀਦਾ ਹੈ। ਇਸ ਲਈ, ਮੈਂ ਇਸਨੂੰ ਉੱਥੇ ਹੀ ਛੱਡ ਰਿਹਾ ਹਾਂ ਜਦੋਂ ਤੱਕ ਮੈਂ ਸਮਝ ਨਹੀਂ ਜਾਂਦਾ।

ਉਸ ਤੇ ਸਾਰੀਆਂ ਗੱਲਾਂ ਪ੍ਰਗਟ ਕੀਤੀਆਂ, ਉਹ "ਘਿਣਾਉਣੀ ਚੀਜ਼।"

112 ਅਤੇ, ਯਾਦ ਰੱਖੋ, ਇਸਦਾ ਇੱਕ ਸੰਯੁਕਤ ਅਰਥ ਹੁੰਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ, "ਮੇਰੇ ਪੁੱਤਰ ਨੂੰ ਮਿਸਰ ਤੋਂ ਬੁਲਾ।" ਜਿਵੇਂ ਇਜ਼ਰਾਈਲ ਨੂੰ ਬੁਲਾਇਆ ਗਿਆ ਸੀ, ਉਵੇਂ ਹੀ ਯਿਸੂ, ਉਸਦਾ ਪੁੱਤਰ, ਵੀ ਬੁਲਾਇਆ ਗਿਆ।

ਅਤੇ ਇਹ ਬਿਲਕੁਲ ਉਹੀ ਤਰੀਕੇ ਨਾਲ ਹੋਵੇਗਾ, ਜਿਵੇਂ ਕਿ ਮੈਂ ਇੱਥੇ ਖੜਾ ਹਾਂ, ਇੰਨੀ ਹੀ ਪੱਕੀ ਗੱਲ ਹੈ। ਅਤੇ ਉਸ ਨੇ ਇਹ ਸਭ ਕੁਝ ਇੱਕ ਅਜਿਹੇ ਤਰੀਕੇ ਨਾਲ ਕੀਤਾ, ਅਤੇ ਉਸ ਨੇ ਇਹ ਸਭ ਕੁਝ ਲੁਕਾ ਰੱਖਿਆ ਹੈ, ਸਭ ਕੁਝ ਕਲੀਸਿਆ ਤੋਂ ਗੁਪਤ ਰੱਖਿਆ ਹੋਇਆ ਸੀ। ਔਹ, ਜਦ ਅਸੀਂ ਇਸ ਵਿੱਚ ਜਾਂਦੇ ਹਾਂ, ਛੇ ਗੁਣਾ ਉਦੇਸ਼ ਦੀ ਸਮਝ, ਉਸ ਨੇ ਕਿਵੇਂ ਇਹ ਸਭ ਕੁਝ ਕਲੀਸਿਯਾ ਤੋਂ ਲੁਕਾ ਛੱਡਿਆ, ਤਾਂ ਜੋ ਕਲੀਸਿਯਾ ਹਰੇਕ ਮਿੰਟ ਇਸ ਨੂੰ ਤਕਦੀ ਤਾਂ ਰਹੇ, ਪਰ ਇਹ ਨਾ ਜਾਣ ਸਕੇ ਕਿ ਉਹ ਕਦੋਂ ਆ ਰਿਹਾ ਹੈ। ਪਰ ਹੁਣ ਕਲੀਸਿਯਾਈ ਜੁੱਗ ਲੱਗਭਗ ਸਮਾਪਤੀ ਤੇ ਹੈ, ਇਸ ਲਈ ਇਹ ਆਮਦ ਲਈ ਤਿਆਰ ਹੈ, ਬਸ ਤਿਆਰ ਹੋ ਰਿਹਾ ਹੈ।

113 ਇਹ ਕਿਤਾਬ ਵਿੱਚ ਸਭ ਤੋਂ ਮਹੱਤਵਪੂਰਨ ਲਿਖਤ ਹੈ। ਇਹ ਕੀ ਕਰਦੀ ਹੈ? ਇਹ ਯਹੂਦੀ ਕੌਮ, ਯਹੂਦੀ ਲੋਕਾਂ ਦੇ ਅੰਤ ਬਾਰੇ ਦੱਸਦੀ ਹੈ। ਇਹ ਲਿਖਤ, ਸੱਤਰ ਸਾਤੇ, ਇਹ ਉਸ ਸਮੇਂ ਤੋਂ ਪ੍ਰਗਟ ਕਰਦੀ ਹੈ ਅਤੇ ਦੱਸਦੀ ਹੈ ਜਦੋਂ ਦਾਨੀਏਲ ਨੇ ਸ਼ੁਰੂਆਤ ਕੀਤੀ ਸੀ, ਉਦੋਂ ਤੋਂ ਲੈ ਕੇ ਸਮੇਂ ਦੇ ਅੰਤ ਤੱਕ। ਇਹ ਸਭ ਤੋਂ ਵਧੀਆ ਘੜੀਆਂ ਵਿੱਚੋਂ ਇੱਕ ਹੈ। ਕਿੰਨੇ ਲੋਕਾਂ ਨੇ ਮੈਨੂੰ ਕਹਿੰਦੇ ਸੁਣਿਆ ਹੈ, "ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਅੱਜ ਹਫ਼ਤੇ ਦਾ ਕਿਹੜਾ ਦਿਨ ਹੈ, ਤਾਂ ਕੈਲੰਡਰ ਵਲ ਦੇਖੋ। ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਅਸੀਂ ਕਿਸ ਸਮੇਂ ਵਿੱਚ ਰਹਿ ਰਹੇ ਹਾਂ, ਤਾਂ ਯਹੂਦੀਆਂ ਨੂੰ ਦੇਖੋ।"? ਇਹ ਠੀਕ ਹੈ। ਉੱਥੇ ਪਰਮੇਸ਼ੁਰ ਦਾ ਕੈਲੰਡਰ ਹੈ, ਜੋ ਬਿਲਕੁਲ ਇੱਥੋਂ ਲਿਆ ਗਿਆ ਹੈ। ਕੋਈ ਵੀ ਧਰਮ ਸ਼ਾਸਤਰੀ, ਕੋਈ ਵੀ ਬਾਈਬਲ ਦਾ ਵਿਦਵਾਨ, ਕੋਈ ਵੀ, ਤੁਹਾਨੂੰ ਦੱਸੇਗਾ ਕਿ ਇਹ ਉਹ ਘੜੀ ਹੈ, ਯਹੂਦੀ।

ਹੁਣ ਸਾਡੇ ਕੋਲ ਕਿੰਨਾ ਸਮਾਂ ਹੈ? ਅਸੀਂ ਬਸ...ਲੋਕ, ਗਰਮੀ ਹੈ, ਔਹ, ਮੈਂ...

114 ਇਸ ਦਾ ਪਰਾਈਆਂ ਕੌਮਾਂ ਨਾਲ ਕੋਈ ਸੰਬੰਧ ਨਹੀਂ ਹੈ; ਇਹ ਸੱਤ ਮੋਹਰਾਂ, ਸੱਤ ਆਫ਼ਤਾਂ, ਸੱਤ ਵਿਪੱਤੀਆਂ, ਸੱਤ ਤੁਰ੍ਹੀਆਂ, ਇਸ ਨਾਲ ਕੋਈ ਵਾਹ ਵਾਸਤਾ ਨਹੀਂ ਹੈ। ਪਰਾਈਆਂ ਕੌਮਾਂ ਦੀ ਕਲੀਸਿਯਾ ਓਸ ਵਕਤ ਮਹਿਮਾ ਵਿੱਚ ਹੋਵੇਗੀ। ਸਾਡੇ ਨਾਲ, ਪਰਾਈਆਂ ਕੌਮਾਂ ਨਾਲ ਇਸ ਦਾ ਕੋਈ ਵਾਹ ਵਾਸਤਾ ਨਹੀਂ ਹੈ। ਇਹ ਸਿਰਫ਼ ਇਜ਼ਰਾਈਲ ਨਾਲ ਸੰਬੰਧਿਤ ਹੈ। "ਦਾਨੀਏਲ,

ਤੇਰੇ ਲੋਕ ਅਤੇ ਯਰੂਸ਼ਲਮ।"

115 ਹੁਣ, ਅਤੇ ਇਸ ਤੱਥ ਦਾ ਖੁਲਾਸਾ ਕਰਦਾ ਹੈ ਕਿ ਪਰਮੇਸ਼ੁਰ ਸਿਰਫ਼ ਯਹੂਦੀਆਂ ਨਾਲ ਉਦੋਂ ਹੀ ਪੇਸ਼ ਆਉਂਦਾ ਹੈ ਜਦੋਂ ਉਹ ਆਪਣੀ ਧਰਤੀ ਵਿੱਚ ਹੁੰਦੇ ਹਨ। ਹਲਲੂਯਾਹ! ਮੈਨੂੰ ਲੱਗਦਾ ਹੈ ਕਿ ਇਹ ਉੱਥੇ ਹੀ ਕੇਂਦਰ ਨਾਲ ਟਕਰਾ ਗਿਆ ਹੈ, ਬਿਲਕੁਲ ਉੱਥੇ ਹੀ।

ਉਹ ਹਮੇਸ਼ਾ ਕੋਸ਼ਿਸ਼ ਕਰਦੇ ਰਹੇ ਹਨ ਕਿ ਇਜ਼ਰਾਈਲ ਨੂੰ ਦਾਨੀਏਲ ਦੇ ਸਮੇਂ ਤੋਂ ਹੀ ਜੋੜ ਕੇ ਵੇਖਣ। ਅਤੇ ਇੱਕ ਮਹਾਨ ਲੇਖਕ...ਕਿਉਂਕਿ, ਮੈਨੂੰ ਪਤਾ ਹੈ ਕਿ ਉਸਦੇ ਕੁਝ ਅਨੁਯਾਈ ਇੱਥੇ ਬੈਠੇ ਹੋਏ ਹਨ, ਇਸ ਲਈ ਮੈਂ ਨਾਮ ਨਹੀਂ ਲੈਣਾ। ਪਰ ਇਹੀ ਕਾਰਨ ਹੈ ਕਿ ਉਨ੍ਹਾਂ ਕੋਲ ਇਹ ਸਾਰੀਆਂ ਝੂਠੀਆਂ ਚੀਜ਼ਾਂ ਸਨ।

116 ਕੀ ਤੁਹਾਨੂੰ ਪਤਾ ਹੈ ਕਿ ਸੇਵਨਥ-ਡੇ ਐਡਵੈਂਟਿਸਟ ਆਉਣ ਤੋਂ ਪਹਿਲਾਂ ਮਿਲੀਰਾਈਟਸ ਇੱਥੇ ਕੀ ਕਰਦੇ ਸਨ? 1919 ਵਿੱਚ, ਉਨ੍ਹਾਂ ਦੇ ਖੰਭ ਲੱਗ ਗਏ, (ਤੁਸੀਂ ਸਾਰਿਆਂ ਨੇ ਕੋਰੀਅਰ ਪੇਪਰ ਵਿੱਚ ਦੇਖਿਆ ਸੀ), ਅਤੇ ਉਸ ਸਵੇਰ ਨੂੰ, ਇੱਥੇ ਉੱਡਣ ਲਈ ਉੱਠੇ। ਇਹ ਦਾਨੀਏਲ ਦੇ ਸੱਤਰ ਹਫ਼ਤਿਆਂ ਨੂੰ ਲੈ ਰਿਹਾ ਸੀ। ਉੱਂ-ਹੂੰ, ਮਿਲੀਰਾਈਟ। ਫਿਰ, ਬਾਅਦ ਵਿੱਚ, ਸ਼੍ਰੀਮਤੀ ਐਲਨ ਵ੍ਹਾਈਟ ਦੁਆਰਾ, ਜੋ ਕਿ ਉਨ੍ਹਾਂ ਦੀ ਨਬੀਆ ਸੀ, ਪਿੱਛੇ ਮੁੜੀ ਅਤੇ ਆਪਣੇ ਆਪ ਨੂੰ ਸੱਤਵੇਂ-ਦਿਨ ਦੇ ਐਡਵੈਂਟਿਸਟ ਕਿਹਾ। ਅਤੇ ਹੁਣ ਉਨ੍ਹਾਂ ਨੇ ਆਪਣਾ ਨਾਮ ਬਦਲ ਕੇ ਦ ਵਾਇਸ ਆਫ਼ ਪ੍ਰੋਫੇਸੀ ਯਾਨੀ ਭਵਿੱਖਬਾਣੀ ਦੀ ਆਵਾਜ ਰੱਖ ਲਿਆ ਹੈ। ਵੇਖਿਆ? ਇੱਕੋ ਪੰਥ ਦੇ ਤਿੰਨ ਵੱਖ-ਵੱਖ ਨਾਮ ਹਨ।

117 ਹੁਣ, ਪਰ ਉਹ ਗਲਤ ਸਨ, ਕਿਉਂਕਿ ਉਹ ਉਨ੍ਹਾਂ ਸੱਤਰ ਸਾਤਿਆਂ ਨੂੰ ਯਹੂਦੀਆਂ ਅਤੇ ਪਰਾਈਆਂ ਕੌਮਾਂ ਦੋਵਾਂ ਤੇ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਅਤੇ ਉਹ ਇੱਥੇ ਕਹਿੰਦਾ ਹੈ, "ਇਹ ਤੇਰੇ ਲੋਕਾਂ ਲਈ ਹੈ।" ਅਤੇ ਪਰਮੇਸ਼ੁਰ ਨੇ ਕਦੇ ਵੀ ਫਲਸਤੀਨ ਤੋਂ ਬਾਹਰ ਯਹੂਦੀਆਂ ਨਾਲ ਵਿਵਹਾਰ ਨਹੀਂ ਕੀਤਾ। ਅਤੇ ਜਦੋਂ ਮਸੀਹਾ, ਸੱਤਰ, ਅਤੇ ਦੋ ਸਾਤਿਆਂ ਬਾਅਦ, ਕੱਟਿਆ ਗਿਆ, (ਆਪਣੇ ਲਈ ਨਹੀਂ; ਸਾਡੇ ਲਈ, ਕੱਟਿਆ ਗਿਆ ਸੀ), ਇਜ਼ਰਾਈਲ ਖਿੰਡ ਗਿਆ ਸੀ, ਅਤੇ ਪਿਛਲੇ ਕੁਝ ਸਾਲਾਂ ਤੱਕ (ਕਦੇ ਵੀ) ਆਪਣੇ ਵਤਨ ਵਾਪਸ ਨਹੀਂ ਆਇਆ। ਇਸ ਲਈ, ਕਲੀਸਿਯਾਈ ਯੁੱਗ ਲਈ ਉਹ ਸਮਾਂ ਨਹੀਂ ਗਿਣਿਆ ਗਿਆ ਸੀ। ਕੀ ਤੁਸੀਂ ਇਹ ਸਮਝ ਗਏ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.]

ਇਹ 1919 ਨਹੀਂ ਹੋਵੇਗਾ। ਮੈਂ ਦਿਖਾ ਸਕਦਾ ਹਾਂ ਕਿ 1919 ਵਿੱਚ ਕੁਝ ਹੋਇਆ ਸੀ, ਪਰ ਇਹ ਉਦੋਂ ਹੁੰਦਾ ਹੈ ਜਦੋਂ ਉਹ ਦੂਤ, ਤੀਜੇ ਦੂਤ ਦਾ ਸੰਦੇਸ਼

ਆਇਆ ਅਤੇ ਹਾਏ ਆਣ ਪਈ। ਬਿਲਕੁਲ। ਪਰ ਇਹ ਨਹੀਂ ਸੀ...ਇਹ ਉਦੋਂ ਹੋਇਆ ਜਦੋਂ ਜੰਗ ਇੱਕ ਰਹੱਸਮਈ ਤਰੀਕੇ ਨਾਲ ਰੁਕ ਗਈ। ਸਾਨੂੰ ਇਹ ਸੱਤਵੇਂ ਅਧਿਆਏ ਵਿੱਚ ਮਿਲੇਗਾ ਜਦੋਂ ਅਸੀਂ ਉਸ ਵਿੱਚ ਜਾਵਾਂਗੇ, ਜਦੋਂ ਅਸੀਂ ਸੱਤਵੇਂ ਅਧਿਆਏ ਵਿੱਚ ਜਾਵਾਂਗੇ। ਤੁਸੀਂ ਸਾਰਿਆਂ ਨੇ ਮੈਨੂੰ ਇਹ, ਬਥੇਰੀ ਵਾਰੀ ਪ੍ਰਚਾਰ ਕਰਦੇ ਸੁਣਿਆ ਹੈ, ਵੇਖੋ, ਜਦੋਂ ਦੂਤ ਦੇ ਸੰਦੇਸ਼ ਨੇ ਕਿਹਾ, "ਧਰਤੀ ਦੀਆਂ ਚੌਹਾਂ ਪੌਣਾਂ ਨੂੰ ਉਦੋਂ ਤੱਕ ਫੜੀ ਰੱਖੋ ਜਦੋਂ ਤੱਕ ਅਸੀਂ ਯਹੂਦੀਆਂ, ਦਾਸਾਂ ਤੇ ਮੋਹਰ ਨਹੀਂ ਲਗਾ ਲੈਂਦੇ।" ਅਤੇ ਹੁਣ, ਉਹ ਇੰਤਜ਼ਾਰ ਕਰਦੇ ਰਹੇ ਜਦੋਂ ਤੱਕ ਪਰਾਈਆਂ ਕੌਮਾਂ ਦਾ ਯੁੱਗ ਖਤਮ ਨਹੀਂ ਹੋ ਗਿਆ।

ਫਿਰ ਜਦੋਂ ਉਹ ਅੰਦਰ ਆਉਂਦਾ ਹੈ, ਫਿਰ—ਫਿਰ ਉਹ ਯਹੂਦੀਆਂ ਨੂੰ ਮੋਹਰਬੰਦ ਕਰਦਾ ਹੈ, ਇੱਕ ਲੱਖ ਚੁਤਾਲੀ ਹਜ਼ਾਰ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਦੇ ਹਨ। ਉੱਥੇ ਇੱਕ ਲੱਖ ਚੁਤਾਲੀ ਹਜ਼ਾਰ, ਮੋਹਰਬੰਦ ਹੋ ਜਾਂਦੇ ਹਨ। ਪ੍ਰਕਾਸ਼ ਦੀ ਪੋਥੀ 7। ਤੁਸੀਂ ਇਸਨੂੰ ਪੜ੍ਹ ਲਿਆ ਹੈ।

"ਅਤੇ ਮੈਂ ਸਵਰਗ ਵਿੱਚ ਇੱਕ ਵੱਡੀ ਭੀੜ ਵੇਖੀ," ਯੂਹੰਨਾ ਨੇ ਦੇਖਿਆ, "ਸਾਰੀਆਂ ਉੱਮਤਾਂ, ਭਾਸ਼ਾਵਾਂ ਅਤੇ ਕੌਮਾਂ, ਅਤੇ ਉਹ ਪਰਮੇਸ਼ੁਰ ਦੇ ਸਾਹਮਣੇ ਖਜੂਰ ਦੀਆਂ ਟਹਿਣੀਆਂ ਹੱਥਾਂ ਵਿੱਚ ਲਈ ਖੜ੍ਹੇ ਸਨ, ਅਤੇ ਚਿੱਟੇ ਬਸਤਰ ਪਹਿਨੇ, ਗਾ ਰਹੇ ਸਨ, 'ਹਲਲੂਯਾਹ! ਆਮੀਨ! ਸਾਡੇ ਪਰਮੇਸ਼ੁਰ ਦੀ ਮਹਿਮਾ, ਬੁੱਧ, ਮਾਣ, ਸਮਰੱਥਾ ਅਤੇ ਸ਼ਕਤੀ ਜੁੱਗੋ ਜੁੱਗ ਹੋਵੇ! ਆਮੀਨ।' ਉਹ ਪੁਕਾਰ ਰਹੇ ਸਨ।"

118 ਯੂਹੰਨਾ ਉਦੋਂ ਸਮਝ ਨਹੀਂ ਸਕਿਆ। ਪਰ ਉਸਨੇ ਪਿੱਛੇ ਮੁੜ ਕੇ ਦੇਖਿਆ ਅਤੇ ਉਸਨੇ ਸੀਨਈ ਪਹਾੜ ਉੱਤੇ ਦੇਖਿਆ, (ਮਹਿਮਾ) ਇੱਕ ਲੱਖ ਚੁਤਾਲੀ ਹਜ਼ਾਰ ਜਿਹੜੇ ਔਰਤਾਂ ਨਾਲ ਭ੍ਰਿਸ਼ਟ ਨਹੀਂ ਹੋਏ ਸਨ। ਯਹੂਦੀ! ਔਰਤਾਂ, ਕਲੀਸਿਯਾਵਾਂ! ਉਹ ਕਿਸੇ ਵੀ ਸੰਗਠਨ ਵਿੱਚ ਸ਼ਾਮਲ ਨਹੀਂ ਹੋਏ ਸਨ, ਲੂਥਰਨ, ਮੈਥੋਡਿਸਟ, ਬੈਪਟਿਸਟ, ਅਤੇ ਪ੍ਰੈਸਬੀਟੇਰੀਅਨ। ਪਰ ਉਹ ਸ਼ੁਰੂ ਤੋਂ ਹੀ ਯਹੂਦੀ ਰਹੇ ਸਨ, ਆਰਥੋਡਾਕਸ, ਅਤੇ ਉੱਥੇ ਉਨ੍ਹਾਂ ਦਾ ਮੰਦਰ ਸੀ, ਸੀਨਈ ਪਹਾੜ ਉੱਤੇ ਉਪਾਸਨਾ ਕਰ ਰਹੇ ਸਨ। ਇਹ ਹਨ ਇੱਕ ਲੱਖ ਚੁਤਾਲੀ ਹਜ਼ਾਰ। ਇਹ ਉਸ ਤੋਂ ਬਾਅਦ ਹੁੰਦਾ ਹੈ; ਜਦ ਕਲੀਸਿਯਾ ਮਹਿਮਾ ਵਿੱਚ ਜਾ ਚੁੱਕੀ ਹੁੰਦੀ ਹੈ। ਸਮਝੇ?

119 ਇਸ ਲਈ, ਮਿਸਟਰ ਸਮਿਥ ਗਲਤ ਸਨ, ਇਹ ਹੋਣਾ ਹੀ ਸੀ। ਕਿਉਂਕਿ ਤੁਸੀਂ 1919 ਵਿੱਚ ਇਹ ਗਿਣਤੀ ਕਿਵੇਂ ਲਾਗੂ ਕਰ ਸਕਦੇ ਹੋ, ਉਨ੍ਹਾਂ ਵਿੱਚੋਂ 144,000 ਦੀ ਚੋਣ ਕਿਵੇਂ ਕਰ ਸਕਦੇ ਹੋ? ਤਾਂ ਫਿਰ ਤੁਸੀਂ ਮੁੜ ਰੱਸਲਵਾਦੀ ਸਿੱਖਿਆ ਵਿੱਚ ਪਰਤ ਆਉਂਦੇ ਹੋ। ਸਮਝੇ? ਫਿਰ ਤੁਸੀਂ ਓਹੀ ਰੱਸਲਵਾਦੀ

ਸਿਧਾਂਤ ਉੱਤੇ ਵਾਪਸ ਆ ਜਾਂਦੇ ਹੋ, ਕਿ, "ਯਿਸੂ 1914 ਵਿੱਚ ਆਇਆ, 1919 ਵਿੱਚ ਉਸਨੇ ਆਪਣੀ ਕਲੀਸਿਆ ਨੂੰ ਚੁਣ ਲਿਆ, ਅਤੇ ਹੁਣ ਉਹ ਧਰਤੀ ਉੱਤੇ ਇੱਕ ਅਦ੍ਰਿਸ਼ ਸਰੀਰ ਵਾਂਗ ਫਿਰ ਰਿਹਾ ਹੈ, ਉਠਾ...ਦਾਦੀ ਅਤੇ ਦਾਦੇ ਦੀਆਂ ਕਬਰਾਂ ਉੱਤੇ ਜਾ ਰਿਹਾ ਹੈ, ਅਤੇ ਉਨ੍ਹਾਂ ਨੂੰ ਉੱਥੋਂ ਉਠਾ ਰਿਹਾ ਹੈ, ਉਹ ਸਾਰੇ ਜੋ ਰੱਸਲਵਾਦੀ ਸਨ।" ਇਹ ਬਕਵਾਸ ਹੈ! ਇਸਦਾ ਬਾਈਬਲ ਦੇ ਅਨੁਸਾਰ ਕੋਈ ਮਤਲਬ ਨਹੀਂ ਬਣਦਾ। ਇਹ ਸਹੀ ਢੰਗ ਨਾਲ ਨਹੀਂ ਮਿਲਦਾ। ਨਹੀਂ, ਸ਼੍ਰੀ ਮਾਨ। ਬਿਲਕੁਲ ਨਹੀਂ।

120 ਪਰ ਪਰਮੇਸ਼ੁਰ ਦੇ ਕੋਲ ਸੱਚਾਈ ਹੈ, ਪਰਮੇਸ਼ੁਰ ਹੀ ਹੈ ਜੋ ਇਸਨੂੰ ਪ੍ਰਗਟ ਕਰ ਸਕਦਾ ਹੈ ਅਤੇ ਇਸਨੂੰ ਉੱਥੇ ਰੱਖ ਸਕਦਾ ਹੈ, ਅਤੇ ਇਸਨੂੰ, ਬਿਲਕੁਲ, ਸਾਨੂੰ ਦਿਖਾ ਸਕਦਾ ਹੈ। ਸਮਝੇ? ਮੈਨੂੰ ਵਿਸ਼ਵਾਸ ਹੈ ਕਿ ਉਹ ਇਹ ਕਰੇਗਾ, ਮੈਨੂੰ ਇਹ ਨਹੀਂ ਪਤਾ, ਮੈਂ ਤੁਹਾਨੂੰ ਸੱਚ ਦੱਸ ਰਿਹਾ ਹਾਂ, ਮੈਨੂੰ ਨਹੀਂ ਪਤਾ, ਪਰ ਮੈਂ ਵਿਸ਼ਵਾਸ ਕਰ ਰਿਹਾ ਹਾਂ, ਮੈਨੂੰ ਵਿਸ਼ਵਾਸ ਹੈ ਕਿ ਉਹ ਕਰੇਗਾ।

121 ਤਾਂ, ਤੁਸੀਂ ਦੇਖੋ, ਪਰਮੇਸ਼ੁਰ ਕਦੇ ਵੀ ਯਹੂਦੀਆਂ ਨਾਲ ਪੇਸ਼ ਨਹੀਂ ਆਇਆ। (ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਯਾਦ ਰੱਖੋ) ਜਿੰਨਾ ਚਿਰ ਇਜ਼ਰਾਈਲ...

122 ਉਦੋਂ ਹੀ ਮੈਂ ਇੱਥੇ ਬੈਠੇ ਇਸ ਭਾਈ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਸੀ, ਉਹ ਜੋ ਇਜ਼ਰਾਈਲ ਜਾਣ ਦੀ ਗੱਲ ਕਰ ਰਿਹਾ ਸੀ, ਇਜ਼ਰਾਈਲ ਤੋਂ ਦੂਰ ਰਹੋ! ਇਸ ਤੋਂ ਦੂਰ ਰਹੋ, ਤੁਸੀਂ ਸਾਰੇ ਜੋ ਯਹੂਦੀਆਂ ਨੂੰ ਪਰਵਰਤਿਤ ਕਰਨ ਦੀਆਂ ਗੱਲਾਂ ਕਰ ਰਹੇ ਹੋ। ਇਸ ਸੰਦੇਸ਼ ਦੇ ਸਮਾਪਤ ਹੋਣ ਤੋਂ ਪਹਿਲਾਂ, ਤੁਸੀਂ ਵੇਖੋਗੇ ਕਿ **ਯਹੋਵਾਹ ਐਉਂ ਫ਼ਰਮਾਉਂਦਾ ਹੈ**, ਬਚਨ ਅਤੇ ਆਤਮਾ ਦੁਆਰਾ। ਇਜ਼ਰਾਈਲ ਪੂਰੇ ਦਾ ਪੂਰਾ ਦੇਸ਼, ਇੱਕ ਰਾਤ ਵਿੱਚ ਪਰਵਰਤਿਤ ਹੋ ਜਾਵੇਗਾ। ਬਾਈਬਲ ਨੇ ਇਹ ਗੱਲ ਕਹੀ ਹੈ। ਪਰ ਸੁਸਮਾਚਾਰ ਉਨ੍ਹਾਂ ਲਈ ਹੈ ਹੀ ਨਹੀਂ। ਕੁਝ ਬੇਮੁਖ ਹੋਏ ਹਨ ਜਿਹੜੇ ਬਾਹਰ ਹਨ, ਅਤੇ ਇਸ ਤਰ੍ਹਾਂ ਦੇ ਹੋਰ ਵੀ, ਜੋ ਅੰਦਰ ਆਉਣਗੇ, ਅਤੇ ਯਹੂਦੀਆਂ ਦੇ ਮੁੱਖ ਸਮੂਹ ਤੋਂ ਬਾਹਰ ਹਨ, ਜੋ ਅੰਦਰ ਆਉਂਦੇ ਹਨ ਅਤੇ ਬਚ ਜਾਂਦੇ ਹਨ। ਇਹ ਸੱਚ ਹੈ। ਮੈਂ ਇਹ ਗੱਲ ਆਪਣੇ—ਆਪਣੇ ਪੂਰੇ ਦਿਲ ਤੋਂ ਮੰਨਦਾ ਹਾਂ।

ਪਰ, ਯਾਦ ਰਖੋ, ਜਦ ਤੱਕ ਇਜ਼ਰਾਈਲ ਆਪਣੀ ਧਰਤੀ ਤੋਂ ਬਾਹਰ ਹੈ, ਉਹ ਬਚਾਏ ਨਹੀਂ ਜਾ ਸਕਦੇ। ਹੁਣ ਉਹ ਵਾਪਸ ਆ ਰਹੇ ਹਨ। ਅਤੇ ਉਹ ਇਕੋ ਦਿਨ ਵਿੱਚ, ਪੂਰੀ ਕੌਮ, ਉਹ ਸਾਰੇ ਬਚਾ ਲਏ ਜਾਣਗੇ। ਅਜਿਹਾ ਬਾਈਬਲ ਕਹਿੰਦੀ ਹੈ। ਇਕ ਦਿਨ ਵਿੱਚ; ਪੂਰੀ ਤਰ੍ਹਾਂ, ਇਜ਼ਰਾਈਲ ਪਰਮੇਸ਼ੁਰ ਵੱਲ ਮੋੜ ਲਿਆ ਜਾਵੇਗਾ। ਇਨ੍ਹਾਂ ਦਿਨਾਂ ਵਿੱਚੋਂ ਕਿਸੇ ਇੱਕ ਦਿਨ ਐਸੀ ਜ਼ਬਰਦਸਤ ਘਟਨਾ ਇਜ਼ਰਾਈਲ ਵਿੱਚ ਵਾਪਰੇਗੀ, ਕਿ ਇਹ ਪੂਰੇ ਦੇਸ਼ ਨੂੰ ਹਿੱਲਾ ਕੇ ਰੱਖ

ਦੇਵੇਗੀ। ਇੱਥੋਂ ਤੱਕ ਨਬੀ ਵੀ ਚੀਕ ਉਠਿਆ ਸੀ ਅਤੇ ਕਿਹਾ ਸੀ, "ਇੱਕੇ ਦਿਨ ਵਿੱਚ ਤੂੰ ਇਹ ਸਾਰਾ ਕਰ ਦਿੱਤਾ।" ਇੱਕੇ ਦਿਨ ਵਿੱਚ ਉਹ ਇਹ ਗੱਲ ਸਮਝ ਜਾਣਗੇ। ਇਹ ਘਟਨਾ ਬੇਹੱਦ ਸ਼ਕਤੀਸ਼ਾਲੀ ਹੋਵੇਗੀ।

123 ਮੇਰੀ ਰਾਏ ਵਿੱਚ, ਇਹ ਇੱਕ ਸ਼ਕਤੀਸ਼ਾਲੀ ਨਬੀ ਹੋਵੇਗਾ ਜੋ ਇਸਰਾਏਲ ਦੇ ਸਾਹਮਣੇ ਉੱਠੇਗਾ ਅਤੇ ਖੜ੍ਹਾ ਹੋਵੇਗਾ, ਅਤੇ ਉਨ੍ਹਾਂ ਲਈ ਸਾਬਤ ਕਰੇਗਾ ਕਿ ਮਸੀਹਾ ਅਜੇ ਵੀ ਜੀਉਂਦਾ ਹੈ। ਉਹ ਮਸੀਹਾ ਜਿਸਨੂੰ ਉਨ੍ਹਾਂ ਨੇ ਰੱਦ ਕਰ ਦਿੱਤਾ ਸੀ...?...

124 ਉਹ ਹੁਣ ਇਜ਼ਰਾਈਲ ਦੀ ਬਾਈਬਲ ਪੜ੍ਹ ਰਹੇ ਹਨ, ਉਹ ਛੋਟੀ ਜਿਹੀ ਬਾਈਬਲ। ਉਹ ਬਾਈਬਲ ਨੂੰ ਪਿੱਛੇ ਅੱਗੇ ਵੱਲ ਪੜ੍ਹਦੇ ਹਨ, ਜਿਸ ਤਰੀਕੇ ਨਾਲ ਉਹ ਪੜ੍ਹਦੇ ਹਨ। ਅਤੇ ਤੁਸੀਂ ਜਾਣਦੇ ਹੋ ਕਿ ਯਹੂਦੀ ਭਾਸ਼ਾ ਵੀ ਇਸੇ ਤਰ੍ਹਾਂ ਲਿਖੀ ਜਾਂਦੀ ਹੈ। ਅਤੇ ਇਸ ਲਈ ਜਦੋਂ ਉਹ ਇਸਨੂੰ ਪੜ੍ਹਦੇ ਹਨ...ਅਤੇ ਉਨ੍ਹਾਂ ਨੇ ਉਹ ਪੜ੍ਹਿਆ ਜੋ ਲੇਵੀ ਪੈਥਰਸ ਨੇ ਉਨ੍ਹਾਂ ਨੂੰ, ਦਸ ਲੱਖ ਬਾਈਬਲਾਂ ਭੇਜੀਆਂ ਸਨ। ਉਨ੍ਹਾਂ ਨੇ ਕਿਹਾ, "ਜੇਕਰ ਇਹ ਯਿਸੂ..." ਇਹ ਉਹ ਯਹੂਦੀ ਸਨ ਜੋ ਇਰਾਨ ਤੋਂ ਲਿਆਂਦੇ ਗਏ ਸਨ, ਅਤੇ ਉਸ ਜਗ੍ਹਾ ਤੇ, ਉਨ੍ਹਾਂ ਨੇ ਮਸੀਹਾ ਬਾਰੇ ਕਦੇ ਸੁਣਿਆ ਹੀ ਨਹੀਂ ਸੀ। ਅਤੇ ਜਦੋਂ ਉਹ ਆਪਣੀ ਧਰਤੀ ਵਿੱਚ ਵਾਪਸ ਜਾਣ ਲਈ ਤਿਆਰ ਹੋਏ, ਤਾਂ ਕਿਉਂ, ਉਹ ਉਨ੍ਹਾਂ ਹਵਾਈ ਜਹਾਜ਼ਾਂ ਤੇ ਨਹੀਂ ਚੜ੍ਹ ਰਹੇ ਸਨ। ਉਹ ਅਜੇ ਵੀ ਪੁਰਾਣੀਆਂ ਹਲਾਂ ਨਾਲ ਖੇਤ ਜੋਤ ਰਹੇ ਸਨ। ਤੁਸੀਂ *ਲੁੱਕ* ਮੈਗਜ਼ੀਨ ਵਿੱਚ ਇਹ ਪੜ੍ਹਿਆ ਹੋਏਗਾ। ਕਿੰਨੇ ਲੋਕਾਂ ਨੇ ਇਹ ਲੇਖ ਪੜ੍ਹਿਆ ਹੈ *ਲੁੱਕ* ਅਤੇ *ਟਾਈਮਜ਼* ਮੈਗ-...? ਜ਼ਰੂਰ ਤੁਸੀਂ ਪੜ੍ਹਿਆ ਹੋਵੇਗਾ। ਵੇਖਿਆ? ਉਹ ਉੱਥੇ ਨਹੀਂ ਚੜ੍ਹ ਰਹੇ ਸਨ। ਉਹ ਪੁਰਾਣਾ ਰੱਬੀ ਉੱਥੇ ਖੜਾ ਹੋਇਆ ਤੇ ਕਿਹਾ, "ਯਾਦ ਰੱਖੋ, ਸਾਡੇ ਨਬੀ ਨੇ ਕਿਹਾ ਸੀ ਕਿ ਅਸੀਂ ਉਕਾਬ ਦੇ ਖੰਭਾਂ ਤੇ ਸਵਾਰ ਹੋ ਕੇ ਆਪਣੇ ਵਤਨ ਵਾਪਸ ਜਾਵਾਂਗੇ।" ਹਲਲੂਯਾਹ!

> ਰਾਸ਼ਟਰ ਟੁੱਟ ਰਹੇ ਹਨ, ਇਸਰਾਏਲ ਜਾਗ ਰਿਹਾ ਹੈ,
> ਉਹ ਨਿਸ਼ਾਨ ਜੋ ਬਾਈਬਲ ਨੇ ਪਹਿਲਾਂ ਹੀ ਦੱਸ ਦਿੱਤੇ ਸਨ;
> ਪਰਾਈਆਂ ਕੌਮਾਂ ਦੇ ਦਿਨ ਗਿਣੇ ਗਏ ਹਨ, ਹਲ ਤਿਆਰ ਹਨ;
> "ਹੇ ਖਿੰਡੇ ਹੋਇਓ, ਆਪਣਿਆਂ ਕੋਲ, ਵਾਪਸ ਮੁੜ ਆਓ।"

125 ਚੰਗਾ ਹੋਵੇਗਾ ਤੁਸੀਂ ਜਾਗ ਜਾਓ। ਤੁਸੀਂ ਇਹ ਸੁਣਦੇ ਆ ਰਹੇ ਹੋ, ਬਾਰ-ਬਾਰ ਸੁਣਿਆ ਹੈ, ਪਰ ਇਨ੍ਹਾਂ ਦਿਨਾਂ ਵਿੱਚੋਂ ਕਿਸੇ ਇੱਕ ਦਿਨ, ਇਹ ਆਖ਼ਰੀ

ਵਾਰੀ ਹੋਵੇਗਾ। ਇਜ਼ਰਾਈਲ ਆਪਣੇ ਵਤਨ ਵਾਪਸ ਆ ਰਿਹਾ ਹੈ। ਜਿਸ ਦਿਨ ਪਰਮੇਸ਼ੁਰ ਨੇ ਠਾਣ ਲਿਆ ਕਿ ਇਜ਼ਰਾਈਲ ਇੱਕ ਰਾਸ਼ਟਰ ਬਣੇ, ਉਹੋ ਦਿਨ ਹੋਵੇਗਾ ਜਦੋਂ ਪਰਾਈਆਂ ਕੌਮਾਂ ਵਿੱਚੋਂ ਇੱਕ ਵੀ ਹੋਰ ਬਚਾਇਆ ਨਹੀਂ ਜਾਵੇਗਾ।

126 ਮੈਂ ਇਹ ਗੱਲ ਇਨ੍ਹਾਂ ਸੱਤਰ ਸਾਤਿਆਂ ਰਾਹੀਂ ਸਾਬਤ ਕਰ ਦੇਵਾਂਗਾ, ਜੇ ਮੈਂ ਉਨ੍ਹਾਂ ਦਿਨਾਂ ਨੂੰ ਲੱਭ ਸਕਾਂ। ਮੈਂ ਹੁਣ ਜਾ ਰਿਹਾ ਹਾਂ...ਖਗੋਲੀ ਕੈਲੰਡਰ ਵੱਲ ਜਾ ਰਿਹਾ ਹਾਂ, ਅਤੇ—ਅਤੇ ਜੂਲੀਆਨ, ਖਗੋਲ ਵਿਗਿਆਨਕ, ਰੋਮਨ, ਤੇ ਹੋਰ ਸਭ। ਕਿਤੇ ਨਾ ਕਿਤੇ, ਹੋਰ ਵੀ ਕੁਝ ਹੈ। ਉੱਥੇ ਕੁਝ ਹੈ। ਪਰਮੇਸ਼ੁਰ ਨੂੰ ਇਸ ਬਾਰੇ ਪੂਰੀ ਜਾਣਕਾਰੀ ਹੈ, ਅਤੇ, ਉਹ—ਉਹ ਇਸਨੂੰ ਪਰਗਟ ਕਰਨ ਵਿੱਚ ਸਮਰੱਥ ਹੈ। ਸਮਝੇ? ਮੈਂ ਜਾਣਦਾ ਹਾਂ ਕਿ ਜੂਲੀਅਨ ਕੈਲੰਡਰ ਵਿੱਚ ਸਾਲ ਵਿੱਚ, ਤਿੰਨ ਸੌ ਪੈਂਹਠ ਅਤੇ ਇੱਕ ਦਿਨ ਦਾ ਚੌਥਾ ਹਿੱਸਾ ਹੁੰਦਾ ਹੈ। ਇਸ ਲਈ, ਔਹ, ਉਹ ਸਾਰੇ ਰਲ ਗਏ ਹਨ, ਪਰ ਕਿਤੇ ਨਾ ਕਿਤੇ, ਇੱਕ ਸੱਚਾਈ ਹੈ।

127 ਮੈਂ ਬਹੁਤ ਸਾਰੇ ਗਿਰਜਾਘਰ ਵੇਖਦਾ ਹਾਂ, ਬਹੁਤ ਸਾਰੀਆਂ ਸੰਸਥਾਵਾਂ, ਬਹੁਤ ਸਾਰੇ ਲੋਕ *ਇਸ* ਵੱਲ ਜਾ ਰਹੇ ਨੇ, ਕੁਝ, "ਮਰਿਯਮ ਦੀ ਜੈ" ਆਖਦੇ ਹਨ, ਅਤੇ ਕੁਝ *ਇਸ*, ਅਤੇ *ਓਸ*, ਅਤੇ *ਦੂਜੀ* ਚੀਜ ਦੀ ਉਪਾਸਨਾ ਕਰ ਰਹੇ ਹਨ। ਪਰ ਕਿਤੇ ਨਾ ਕਿਤੇ ਸੱਚ ਹੋਣਾ ਲਾਜ਼ਮੀ ਹੈ। ਕਿਤੇ ਨਾ ਕਿਤੇ, ਇੱਕ ਪਰਮੇਸ਼ੁਰ ਜ਼ਰੂਰ ਹੋਵੇਗਾ। ਕਿਤੇ ਨਾ ਕਿਤੇ ਇੱਕ, ਸੰਦੇਸ਼ ਜ਼ਰੂਰ ਹੋਵੇਗਾ। ਮੈਂ ਝੂਠੇ ਨਬੀਆਂ ਨੂੰ ਉੱਠਦਿਆਂ ਵੇਖ ਰਿਹਾ ਹਾਂ, ਭੇਤਾਂ ਨੂੰ ਬੁੱਝਣ ਦੀ ਨਕਲ ਕਰਦੇ ਹਨ, ਅਤੇ ਹਰ ਤਰ੍ਹਾਂ ਦੀਆਂ ਚੀਜਾਂ ਹੋ ਰਹੀਆਂ ਹਨ। ਫਿਰ, ਉੱਥੇ ਕਿਤੇ ਨਾ ਕਿਤੇ, ਅਸਲੀ ਜ਼ਰੂਰ ਹੋਵੇਗਾ, ਜਿਸ ਤੋਂ ਨਕਲੀ ਬਣਾਇਆ ਗਿਆ ਹੈ।

128 ਮੈਂ ਲੋਕਾਂ ਨੂੰ ਦੇਹ ਵਿੱਚ ਹੋਕੇ, ਚੀਕਾਂ ਮਾਰਦੇ, ਅਤੇ ਅਜਿਹੇ ਕੰਮ ਕਰਦੇ ਵੇਖਦਾ ਹਾਂ, ਅਤੇ ਉਹ ਬਾਹਰ ਜਾਂਦੇ ਹਨ ਅਤੇ ਹਰ ਤਰ੍ਹਾਂ ਦਾ ਜੀਵਨ ਜਿਉਂਦੇ ਹਨ। ਕਿਤੇ ਨਾ ਕਿਤੇ, ਅਸਲੀ ਪਵਿੱਤਰ ਆਤਮਾ ਜਰੂਰ ਹੋਵੇਗਾ। ਮੈਂ ਲੋਕਾਂ ਨੂੰ ਧਾਰਮਿਕ ਹੋਣ ਦੀ ਨਕਲ ਕਰਦੇ ਵੇਖਦਾ ਹਾਂ, ਅਤੇ ਵਗੈਰਾ-ਵਗੈਰਾ ਅਤੇ ਉਹ ਪਵਿੱਤਰ ਬਣਨ ਦੀ ਕੋਸ਼ਿਸ ਕਰਦੇ ਹਨ। ਪਰ ਮੈਨੂੰ ਪਤਾ ਹੈ ਕਿ ਕਿਤੇ ਨਾ ਕਿਤੇ, ਅਸਲੀ ਪਰਮੇਸ਼ੁਰ ਜਰੂਰ ਹੋਵੇਗਾ। ਕਿਤੇ ਨਾ ਕਿਤੇ, ਅਸਲੀ ਆਤਮਾ ਜਰੂਰ ਹੋਵੇਗਾ, ਕਿਉਂਕਿ ਇਹ ਇੱਕ ਪੁਰਾਣਾ ਢੋਂਗੀ ਹੈ ਜਿਸ ਤੋਂ ਇਹ ਬਣਿਆ ਹੈ, ਉਹੀ ਪੁਰਾਣਾ ਜਾਅਲੀ। ਕਿਤੇ ਨਾ ਕਿਤੇ ਕੁਝ ਅਸਲ ਹੋਣਾ ਚਾਹੀਦਾ ਹੈ: ਇੱਕ ਅਸਲੀ ਆਦਮੀ, ਲੋਕ, ਇੱਕ ਕਲੀਸਿਆ, ਇੱਕ ਪਰਮੇਸ਼ੁਰ। ਕਿਤੇ ਨਾ ਕਿਤੇ, ਕੁਝ ਸੱਚ ਜ਼ਰੂਰ ਹੋਵੇਗਾ, ਕਿਉਂਕਿ ਇਹ ਸਿਰਫ਼ ਇਸ ਵਿੱਚੋਂ ਹੀ ਨਕਲ ਕੀਤੇ ਗਏ ਸਨ। ਕਿਤੇ ਨਾ ਕਿਤੇ, ਕੁਝ ਅਸਲੀ ਜ਼ਰੂਰ ਹੈ।

129 ਮੈਂ ਇਸ ਕਲੀਸਿਆ ਨੂੰ, ਉਸਦੇ ਦਾਨਾਂ ਬਾਰੇ ਆਖਿਆ ਸੀ। ਆਪਣੇ ਦਾਨਾਂ

ਨੂੰ ਸੁਣੋ; ਉਹਨਾਂ ਨੂੰ ਬਾਈਬਲ ਦੇ ਅੰਦਰ ਰੱਖੋ। ।ਜਦੋਂ ਆਕਾਸ਼ ਅਸਲ ਦਾਨਾਂ ਨਾਲ ਭਰਿਆ ਪਿਆ ਹੈ, ਤਾਂ ਕਿਸੇ ਨਕਲੀ ਚੀਜ ਨੂੰ ਉਸ ਥਾਂ ਕਦੇ ਨਾ ਲਓ। ਆਓ ਅਸਲੀ ਨੂੰ ਹੀ ਰੱਖੀਏ। ਆਓ ਅਸਲ ਨੂੰ ਲਈਏ ਜਾਂ ਕੋਈ ਵੀ ਨਾ ਲਈਏ। ਆਮੀਨ।

130 ਹੁਣ, ਸਮਾਪਤੀ ਤੇ, ਇਹ ਤੱਥ ਹੈ ਕਿ ਪਰਮੇਸ਼ੁਰ ਇਸਰਾਏਲ ਨਾਲ ਸਿਰਫ਼ ਉਦੋਂ ਹੀ ਪੇਸ਼ ਆਉਂਦਾ ਹੈ ਜਦੋਂ ਉਹ ਆਪਣੇ ਦੇਸ਼ ਵਿੱਚ ਹੁੰਦਾ ਹੈ। ਆਓ ਉਸ ਵੇਲੇ ਨੂੰ ਲਈਏ ਜਦੋਂ ਪਰਮੇਸ਼ੁਰ ਨੇ...ਅਬਰਾਹਾਮ ਆਪਣੀ ਭੂਮੀ ਛੱਡ ਕੇ ਮਿਸਰ ਵੱਲ ਚਲਾ ਗਿਆ, ਤਾਂ ਕੀ ਹੋਇਆ? ਉਹ ਪਰਮੇਸ਼ੁਰ ਦੀ ਇੱਛਾ ਤੋਂ ਦੂਰ ਚਲਾ ਗਿਆ ਸੀ, ਅਤੇ ਜਦ ਤੱਕ ਉਹ ਮੁੜ ਆਪਣੇ ਦੇਸ਼ ਵਿੱਚ ਨਹੀਂ ਆਇਆ, ਉਸ ਨੂੰ ਕਦੇ ਵੀ ਆਸ਼ੀਸ ਨਹੀਂ ਦਿੱਤੀ ਗਈ। ਪਰਮੇਸ਼ੁਰ ਉਸ ਨਾਲ ਕਦੇ ਵੀ ਪੇਸ਼ ਨਹੀਂ ਆਇਆ, ਇੱਕ ਵੀ ਦਰਸ਼ਨ ਨਹੀਂ, ਨਾ ਹੀ ਕੁਝ ਹੋਰ, ਜਦੋਂ ਤੱਕ ਉਹ ਆਪਣੇ ਵਤਨ ਵਾਪਸ ਨਹੀਂ ਆ ਗਿਆ।

131 ਇਜ਼ਰਾਈਲ ਵੱਲ ਦੇਖੋ ਜਦ ਉਹ ਚਾਰ ਸੌ ਸਾਲਾਂ ਲਈ, ਮਿਸਰ ਵੱਲ ਭੇਜੇ ਗਏ ਸਨ। ਨਾ ਕੋਈ ਅਚਰਜ ਕੰਮ ਹੋਇਆ, ਨਾਂ ਕੋਈ ਨਿਸ਼ਾਨ, ਉਨ੍ਹਾਂ ਦਰਮਿਆਨ ਇੱਕ ਵੀ ਕੰਮ ਨਹੀਂ ਹੋਇਆ, ਨਾ ਹੀ ਇਤਿਹਾਸ ਦੀ ਕਿਤਾਬ ਵਿੱਚ ਦਰਜ ਕੀਤਾ ਗਿਆ। ਉਹੀ ਪੁਰਾਣੇ ਨੜਿੰਨਵੇਂ, ਕਲੀਸਿਯਾ ਜਾਂਦੇ ਸਨ, ਲੇਲੇ ਦੀ ਭੇਟ ਚੜ੍ਹਾਉਂਦੇ ਸਨ, ਕਹਿੰਦੇ ਸਨ "ਮਰਿਯਮ ਦੀ ਜੈ," ਜਾਂ ਜੋ ਵੀ ਸੀ, ਵਾਪਸ ਚਲੇ ਜਾਂਦੇ ਸਨ। ਅਗਲੇ ਸਾਲ, ਇਸੇ ਤਰ੍ਹਾਂ। ਸਾਰੇ ਜਾਜਕ ਬਹਿਸ ਕਰਦੇ ਸਨ, "*ਫਲਾਣਾ-ਫਲਾਣਾ* ਰੱਬੀ! *ਅਸੀਂ ਫਲਾਣੇ-ਫਲਾਣੇ* ਰੱਬੀ ਨੂੰ ਚੁਣਾਂਗੇ। ਉਸਦੀ ਵਿਦਿਆ ਵਧੀਆ ਹੈ। ਉਸ ਕੋਲ ਮਿਸਰੀਆਂ ਬਾਰੇ ਵਧੀਕ ਗਿਆਨ ਹੈ।" ਪਹਿਲੀ ਗੱਲ ਜੋ ਤੁਸੀਂ ਜਾਣਦੇ ਹੋ, ਮਿਸਰੀ ਅਤੇ—ਅਤੇ ਯਹੂਦੀ ਸਭ, ਇੱਕੋ ਜਿਹੇ ਹੀ ਸਨ।

132 ਇਹੀ ਕੁਝ ਤਾਂ ਕਲੀਸਿਆ ਦੇ ਨਾਲ ਹੋਇਆ ਹੈ। ਅਸੀਂ ਸਾਰੇ ਮੈਥੋਡਿਸਟ, ਬੈਪਟਿਸਟ, ਜਾਂ ਪ੍ਰੈਸਬੀਟੇਰੀਅਨ ਬਣ ਗਏ ਹਾਂ। "ਅਤੇ ਅਸੀਂ ਤਾਂ ਹਾਰਟਫੋਰਡ ਤੋਂ ਡਿਗਰੀ ਲੈ ਲਈ ਹੈ! ਅਸੀਂ ਵ੍ਹੀਟਨ ਤੋਂ ਡਿਗਰੀ ਲੈ ਲਈ ਹੈ! ਅਸੀਂ ਕਿਸੇ ਹੋਰ ਥਾਂ ਤੋਂ ਡਿਗਰੀ ਲੈ ਲਈ ਹੈ ਜਾਂ ਬਾਬ ਜੋਨਜ਼ ਤੋਂ। ਅਸੀਂ, ਅਸੀਂ ਬੈਚਲਰ ਆਫ਼ ਆਰਟ ਦੀ ਡਿਗਰੀ ਲੈ ਲਈ ਹੈ! ਅਸੀਂ ਇੱਕ ਡੀ.ਡੀ., ਐੱਲ.ਐੱਲ.ਡੀ. ਜਾਂ ਕੁਝ ਹੋਰ ਲੈ ਲਿਆ ਹੈ!" ਪਰ ਇਸ ਨਾਲ ਕੀ ਬਣ ਗਿਆ ਹੈ? ਇੱਕ ਬਕਵਾਸ ਦਾ ਢੇਰ।

ਇਹ ਉਸੇ ਤਰ੍ਹਾਂ ਹੈ ਜਿਵੇਂ ਮਿਸਰ ਵਿੱਚ ਸੀ। ਅਤੇ ਪਰਮੇਸ਼ਰ ਨੇ ਇਜ਼ਰਾਈਲ ਨਾਲ ਤਦ ਤੱਕ ਕੋਈ ਵਿਵਹਾਰ ਨਹੀਂ ਕੀਤਾ ਜਦ ਤੱਕ ਉਹ

ਆਪਣੀ ਮੂਲ ਧਰਤੀ ਵੱਲ ਮੁੜ ਨਹੀਂ ਆਏ।

133 ਮੈਨੂੰ ਸੁਣੋ! **ਯਹੋਵਾਹ ਇੰਝ ਫ਼ਰਮਾਉਂਦਾ ਹੈ,** ਪਰਮੇਸ਼ੁਰ ਆਪਣੀ ਕਲੀਸਿਯਾ ਨਾਲ ਉਦੋਂ ਤਕ ਵਿਵਹਾਰ ਨਹੀਂ ਕਰੇਗਾ ਜਦੋਂ ਤਕ ਉਹ ਆਪਣੀ ਮੂਲ ਧਰਤੀ, ਸਮੇਂ ਦੇ ਸੰਦੇਸ਼ ਵਿੱਚ ਮੁੜ ਨਹੀਂ ਆਉਂਦੀ। ਮੂਲ ਵੱਲ ਵਾਪਸ ਆਓ। ਆਪਣੇ ਮੈਥੋਡਿਸਟ, ਬੈਪਟਿਸਟ, ਪ੍ਰੈਸਬੀਟੇਰੀਅਨ ਵਿਚਾਰਾਂ ਤੋਂ ਦੂਰ ਹੋ ਜਾਓ; ਆਪਣੇ ਪੈਂਤੀਕੋਸਟਲ, ਅਸੈਂਬਲੀਜ, ਵਨਨੈੱਸ, ਥਰੀਨੈੱਸ, ਤੇ ਫਾਈਵਨੈੱਸ, ਇਹ ਜੋ ਕੁਝ ਵੀ ਹੋਵੇ; ਚਰਚ ਆਫ ਗਾਡ, ਨਾਜ਼ਰੀਨ, ਪਿਲਗ੍ਰਿਮ ਹੋਲੀਨੈੱਸ, ਚਰਚ ਆਫ ਕ੍ਰਾਈਸਟ, ਇਹ ਸਭ ਮਸੀਹ ਵਿਰੋਧੀ ਅੰਦੋਲਨ ਹਨ! ਮੈਂ ਜਾਣਦਾ ਹਾਂ ਇਹ ਗੱਲ ਦੁਨੀਆ ਭਰ ਵਿੱਚ ਜਾਵੇਗੀ। ਸਾਰੇ ਗਲਤ ਹਨ; ਸਾਰੇ ਸ਼ੈਤਾਨ ਤੋਂ ਹਨ। ਔਹ, ਮੇਰੇ! ਉਨ੍ਹਾਂ ਵਿੱਚੋਂ ਹਰੇਕ ਝੁੰਡ ਵਿੱਚ ਧਰਮੀ ਮਨੁੱਖ ਵੀ ਹਨ। ਉਸ ਹਰੇਕ ਅੰਦੋਲਨ ਵਿੱਚ ਧਰਮੀ ਲੋਕ ਵੀ ਹਨ। ਪਰ ਸੰਸਥਾ, ਆਪਣੇ ਆਪ ਵਿੱਚ, ਪਰਮੇਸ਼ਰ ਤੋਂ ਨਹੀਂ ਹੈ, ਅਤੇ ਪਰਮੇਸ਼ੁਰ ਇਸਨੂੰ ਕਦੇ ਵੀ ਬਰਕਤ ਨਹੀਂ ਦੇਵੇਗਾ। ਉਸਨੇ ਇਹ ਕਦੇ ਨਹੀਂ ਕੀਤਾ।

134 ਮੈਂ ਹਰ ਇਤਿਹਾਸਕਾਰ ਤੋਂ ਪੁੱਛਦਾ ਹਾਂ (ਤੁਸੀਂ ਇਹ ਟੇਪ ਸੁਣੋਗੇ), ਲਿਖ ਕੇ ਦੱਸੋ ਕਿ ਜਦੋਂ ਵੀ, ਕਲੀਸਿਯਾ ਜਥੇਬੰਦ ਹੋਈ, ਤਾਂ ਪਰਮੇਸ਼ੁਰ ਨੇ ਇਸ ਨੂੰ ਇਕ ਪਾਸੇ ਨਹੀਂ ਰੱਖ ਦਿੱਤਾ ਅਤੇ ਕਦੇ ਮੁੜ ਉਸ ਨਾਲ ਵਿਵਹਾਰ ਨਹੀਂ ਕੀਤਾ। ਮੈਨੂੰ ਦੱਸੋ ਕਿ ਪਰਮੇਸ਼ੁਰ ਨੇ ਕਦੇ ਲੂਥਰਨ ਨੂੰ ਦੁਬਾਰਾ ਖੜਾ ਕੀਤਾ, ਜਾਂ ਵੇਸਲੀ ਅਤੇ ਮੈਥਡਿਸਟਾਂ ਨੂੰ, ਜਾਂ ਪੇਂਟਕੋਸਟਲਾਂ ਨੂੰ। ਕਦੇ ਨਹੀਂ ਕੀਤਾ! ਉਹ ਸੰਗਠਨ ਉਸੇ ਥਾਂ ਹੀ ਪਿਆ ਰਿਹਾ, ਸੜ ਗਿਆ ਅਤੇ ਸੜ ਕੇ ਖਤਮ ਹੋ ਗਿਆ! ਪਰਮੇਸ਼ੁਰ ਨੇ ਵਿਅਕਤੀਆਂ ਨੂੰ ਲਿਆ, ਜੋ ਲੋਕਾਂ ਨੂੰ ਮੁੜ ਮਾਤ ਭੂਮੀ ਵੱਲ ਲੈ ਜਾਣ ਦੀ ਕੋਸ਼ਿਸ਼ ਕਰਦੇ ਸਨ। ਅਤੇ ਫਿਰ, ਉਹ ਵਿਅਕਤੀ ਇੰਨੇ ਕਮਜ਼ੋਰ ਅਤੇ ਜਨਾਨਕੇ ਸਨ, ਕਿਸੇ ਕਿਸਮ ਦੀ ਡਿਗਰੀ ਲੈ ਕੇ, ਉਨ੍ਹਾਂ ਨੇ ਇੱਕ ਹੋਰ ਸੰਗਠਨ ਬਣਾ ਲਿਆ, ਜਿਵੇਂ ਸ਼ੁਰੂ ਵਿੱਚ ਸੀ ਉਸ ਤੋਂ ਵੀ ਵਧ ਕੇ ਇਸ ਨੂੰ ਦੋ ਗੁਣਾ ਨਰਕ ਦਾ ਪੁੱਤਰ ਬਣਾਇਆ।

135 ਪਰ, ਕਿਤੇ ਤਾਂ, ਯਕੀਨੀ ਤੌਰ ਤੇ, ਯਹੋਵਾਹ ਕੋਲ ਕੋਈ ਐਸਾ ਮਨੁੱਖ ਹੈ ਜਿਸ ਉੱਤੇ ਉਹ ਆਪਣੇ ਹੱਥ ਰੱਖ ਸਕਦਾ ਹੈ, ਜੋ ਉਹਨਾਂ ਦੇ ਨਾਲ ਸਮਝੌਤਾ ਨਹੀਂ ਕਰੇਗਾ...-ਧਰਮੀ, ਅਧਰਮੀ ਜਥੇਬੰਦੀਆਂ ਨਾਲ; ਜੋ ਲੋਕਾਂ ਨੂੰ ਮੁੜ ਚਟਾਨ ਵੱਲ, ਮਸੀਹ ਯਿਸੂ ਵੱਲ, ਮੋੜ ਲਿਆਵੇਗਾ, ਮੁੜ ਅਸਲ ਪੰਤੇਕੁਸਤ ਅਤੇ ਮੂਲ ਪਵਿੱਤਰ ਆਤਮਾ ਵੱਲ, ਅਸਲੀ ਚਿਨ੍ਹਾਂ ਅਤੇ ਅਸਲ ਚਮਤਕਾਰਾਂ ਦੇ ਨਾਲ। ਨਿਸ਼ਚਤ ਹੀ, ਕਿਤੇ ਨਾ ਕਿਤੇ, ਉਸ ਕੋਲ ਇੱਕ ਮਨੁੱਖ ਹੈ, ਜੋ ਕਿਸੇ ਵੀ ਕਿਸਮ ਦੇ ਜ਼ੁਲਮ ਦੇ ਅੱਗੇ ਢਹਿ ਨਹੀਂ ਜਾਵੇਗਾ, ਨਾ ਭੱਜੇਗਾ, ਨਾ ਹਾਰ ਮੰਨੇਗਾ, ਨਾ

ਡਿੱਗੇਗਾ, ਜਾਂ ਕੁਝ ਵੀ; ਪਰ ਉਸ ਉੱਤੇ ਕਾਇਮ ਰਹੇਗਾ।

ਪਰਮੇਸ਼ੁਰ ਇਸਰਾਏਲ ਨੂੰ ਉਦੋਂ ਤੱਕ ਅਸੀਸ ਨਹੀਂ ਦਿੰਦਾ ਜਦੋਂ ਤੱਕ ਉਹ ਆਪਣੇ ਵਤਨ ਨਹੀਂ ਪਹੁੰਚ ਜਾਂਦਾ।

136 ਪਰਮੇਸ਼ੁਰ ਕਦੇ ਵੀ ਤੁਹਾਨੂੰ ਇੱਕ ਮੈਥਡਿਸਟ, ਬੈਪਟਿਸਟ, ਪ੍ਰੈਸਬੀਟੇਰੀਅਨ, ਕੈਥਲਿਕ, ਜਾਂ ਪਿਲਗ੍ਰਿਮ ਹੋਲੀਨੈੱਸ ਹੋਣ ਕਰਕੇ ਆਸ਼ੀਸ਼ ਨਹੀਂ ਦੇਵੇਗਾ, ਨਾ ਨਾਜ਼ਰੀਨ, ਨਾ ਚਰਚ ਆਫ਼ ਕ੍ਰਾਇਸਟ, ਜਾਂ—ਜਾਂ ਕੋਈ ਪੇਂਟਕੋਸਟਲ ਜਥੇਬੰਦੀ। ਉਹ ਤੁਹਾਨੂੰ ਕਦੇ ਵੀ ਉਸ ਤਰੀਕੇ ਨਾਲ ਆਸ਼ੀਸ਼ ਨਹੀਂ ਦੇਵੇਗਾ। ਆਪਣੇ ਵਤਨ ਵੱਲ, ਸ਼ੁਰੂਆਤ ਵੱਲ, ਪੰਤੇਕੁਸਤ ਦੇ ਤਜਰਬੇ ਵੱਲ ਵਾਪਸ ਮੁੜ ਆਓ ਜਿਵੇਂ ਇਹ ਪੰਤੇਕੁਸਤ ਦੇ ਦਿਨ ਹੋਇਆ ਸੀ ਜਦੋਂ ਜਿਉਂਦੇ ਪਰਮੇਸ਼ੁਰ ਦੀ ਸਮਰਥ ਨੇ ਹਜ਼ਾਰਾਂ ਲੋਕਾਂ ਨੂੰ ਬਦਲ ਦਿੱਤਾ, ਉਹਨਾਂ ਦੇ ਦਿਲਾਂ ਨੂੰ ਪਰਮੇਸ਼ੁਰ ਦੀ ਅੱਗ ਨਾਲ ਭਰ ਦਿੱਤਾ, ਜੋ ਅਸਲ ਦਿਖਾਈ ਦਿੰਦੀ ਸੀ; ਨਕਲੀ ਚਿੰਨ੍ਹ ਨਹੀਂ, ਨਾ ਹੀ ਮਨ ਦੇ ਭੇਤ ਬੁੱਝਣ ਦਾ ਢੋਂਗ, ਨਾ ਕੋਈ ਮਜ਼ਾਕ, ਅਤੇ ਅਮਰੀਕਾ ਵਾਂਗ ਚੂਹਿਆਂ ਦੀ ਦੌੜ ਵਿੱਚ ਸ਼ਾਮਲ ਨਹੀਂ ਹੋਏ। “ਸਭ ਤੋਂ ਵੱਡਾ ਤੰਬੂ ਕੌਣ ਲੱਗਾ ਸਕਦਾ ਹੈ?” ਜਾਂ “ਕੌਣ ਸਭ ਤੋਂ ਜਿਆਦਾ ਭੀੜ ਇਕੱਠੀ ਕਰ ਸਕਦਾ ਹੈ?” ਇਸ ਨਾਲ ਪਰਮੇਸ਼ੁਰ ਨੂੰ ਕੀ ਫ਼ਰਕ ਪੈਂਦਾ ਹੈ? ਪਰਮੇਸ਼ੁਰ ਚਾਹੁੰਦਾ ਹੈ ਕਿ ਲੋਕ ਦਿਲੋਂ ਇਮਾਨਦਾਰ ਹੋਣ, ਵੱਡੀ ਭੀੜ ਨੂੰ ਨਹੀਂ। ਅਤੇ ਸਾਡੇ ਸਾਰਿਆਂ ਕੋਲ ਇੱਥੇ ਚੂਹਿਆਂ ਦੀ ਦੌੜ ਹੈ, ਜੋ ਦੌੜ ਰਹੇ ਹਨ। ਕਿੰਨੀ ਸ਼ਰਮ ਦੀ ਗੱਲ ਹੈ, ਇਹ ਦੇਖਣਾ ਕਿ ਕੀ ਅਸੀਂ ਆਪਣੇ ਸੰਗਠਨ ਵਿੱਚ ਇੱਕ ਹਜ਼ਾਰ ਹੋਰ ਜੋੜ ਸਕਦੇ ਹਾਂ। ਇਹ ਇੱਕ ਸ਼ਰਮਨਾਕ ਗੱਲ ਹੈ। ਉਹ ਸਾਨੂੰ ਸੱਚ ਵੱਲ, ਆਤਮਾ ਵੱਲ, ਸਹੀ ਪ੍ਰਕਾਸ਼ ਵੱਲ ਵਾਪਸ ਚਾਹੁੰਦਾ ਹੈ, ਵਾਪਸ ਉਸ ਰਾਜਮਾਰਗ ਤੇ ਜੋ ਮਸੀਹ ਵਿੱਚ ਹੈ, ਵਾਪਸ ਸੱਚਾਈ ਵੱਲ। ਜਿਸ ਰਾਹ ਤੇ ਅਸੀਂ ਚੱਲਦੇ ਹਾਂ ਉਹ ਸਾਨੂੰ ਉਸ ਤੇ ਅਸੀਸ ਕਿਵੇਂ ਦੇ ਸਕਦਾ ਹੈ? ਉਹ ਨਹੀਂ ਦੇਵੇਗਾ।

137 ਉਸਨੇ ਇਸਰਾਏਲ ਨੂੰ ਕਦੇ ਵੀ ਅਸੀਸ ਨਹੀਂ ਦਿੱਤੀ ਜਦੋਂ ਤੱਕ ਉਹ ਵਾਅਦਾ ਕੀਤੀ ਹੋਈ ਧਰਤੀ ਵਿੱਚ ਵਾਪਸ ਨਹੀਂ ਆ ਗਏ। ਅਤੇ ਜਦੋਂ ਉਹ ਵਾਅਦਾ ਕੀਤੀ ਹੋਈ ਧਰਤੀ ਵਿੱਚ ਵਾਪਸ ਆਏ, ਚਿੰਨ੍ਹ ਅਤੇ ਅਚੰਭੇ ਹੋਣੇ ਸ਼ੁਰੂ ਹੋ ਗਏ। ਉਸਨੇ ਉਨ੍ਹਾਂ ਦੇ ਵਿਚਕਾਰ ਇੱਕ ਮਨੁੱਖ ਨੂੰ ਭੇਜਿਆ, ਜਿਸ ਦਾ ਨਾਮ ਮੂਸਾ ਸੀ। ਇਹ ਮੂਸਾ ਕੀ ਲੈ ਕੇ ਆਇਆ ਸੀ, ਇੱਕ ਪਾਲਿਸ਼ ਕੀਤਾ ਹੋਇਆ ਧਰਮ ਸ਼ਾਸਤਰ? ਕੀ ਉਹ ਬੈਚਲਰ ਆਫ਼ ਆਰਟ ਦੀ ਡਿਗਰੀ ਲੈ ਕੇ ਆਇਆ ਸੀ? ਕੀ ਉਹ ਐਲਐਲ.ਡੀ., ਪੀਐਚ.ਡੀ. ਲੈ ਕੇ ਆਇਆ ਸੀ? ਉਹ ਯਹੋਵਾਹ ਦੀ ਸ਼ਕਤੀ ਨਾਲ ਹੇਠਾਂ ਆਇਆ, ਅਤੇ ਇੱਕ ਸੰਦੇਸ਼ ਦੇ ਨਾਲ,

“ਇਸ ਧਰਤੀ ਤੋਂ, ਆਪਣੇ ਵਤਨ ਮੁੜ ਆਓ। ਹੇ ਖਿੰਡੇ ਹੋਇਓ, ਆਪਣਿਆਂ ਵਲ੍ਹ, ਮੁੜ ਆਓ।” ਆਮੀਨ!

138 ਲਗਭਗ ਦੋ ਹਜ਼ਾਰ ਸਾਲਾਂ ਤੋਂ, ਯਹੂਦੀ ਆਪਣੇ ਵਤਨ ਤੋਂ ਬਾਹਰ, ਧਰਤੀ ਦੀਆਂ ਚਾਰ ਪੌਣਾਂ ਵਿੱਚ ਖਿੰਡੇ ਹੋਏ ਹਨ। ਜੇ ਸਾਨੂੰ ਵਿਸਥਾਰ ਵਿੱਚ ਜਾਣਾ ਪਵੇ, ਤਾਂ ਅਸੀਂ ਇਸ ਸੰਦੇਸ਼ ਨੂੰ ਹਫ਼ਤਿਆਂ ਤੱਕ ਚਲਾ ਸਕਦੇ ਹਾਂ। ਅਸੀਂ ਇਜ਼ਰਾਈਲ ਦੇ ਪਿਛੋਕੜ ਵਿੱਚ ਜਾ ਸਕਦੇ ਹਾਂ ਅਤੇ ਦਿਖਾ ਸਕਦੇ ਹਾਂ ਜਦੋਂ ਉਹ ਰੋਮਨ ਸਾਮਰਾਜ ਦੁਆਰਾ ਤਬਾਹ ਕੀਤਾ ਗਿਆ ਸੀ, ਕਿਉਂਕਿ ਉਨ੍ਹਾਂ ਨੇ ਮਸੀਹਾ ਨੂੰ ਰੱਦ ਦਿੱਤਾ ਸੀ; ਕਿਵੇਂ ਉਸਨੂੰ ਅਕਾਸ਼ ਦੇ ਹੇਠਾਂ ਹਰੇਕ ਦੇਸ਼ ਵਿੱਚ ਖਿੰਡਾ ਦਿੱਤਾ ਗਿਆ ਸੀ।

ਉਤਪਤ 44 ਅਤੇ 45 ਵਿੱਚ ਯਾਕੂਬ, ਇਜ਼ਰਾਈਲ ਵੱਲ ਵਾਪਸ ਜਾ ਕੇ, ਅਤੇ ਉੱਥੇ ਦਿਖਾ ਸਕਦੇ ਹਾਂ ਕਿ ਉਸਨੇ ਉਨ੍ਹਾਂ ਪੁਰਖਿਆਂ ਨੂੰ ਕਿਵੇਂ ਅਸੀਸ ਦਿੱਤੀ ਅਤੇ ਉਨ੍ਹਾਂ ਨੂੰ ਠੀਕ-ਠੀਕ ਦੱਸਿਆ ਕਿ ਅੰਤ ਦੇ ਦਿਨਾਂ ਵਿੱਚ ਉਹ ਕਿੱਥੇ ਖੜ੍ਹੇ ਹੋਣਗੇ। ਅਤੇ ਮੈਂ ਤੁਹਾਡੇ ਲਈ ਇਸਰਾਏਲ ਦੇ (ਹਰੇਕ ਦੇਸ਼) ਵੱਲ ਠੀਕ-ਠੀਕ ਇਸ਼ਾਰਾ ਕਰ ਸਕਦਾ ਹਾਂ, ਇਸਰਾਏਲ ਦੀ ਹਰੇਕ ਗੋਤ, ਬਿਲਕੁਲ ਉਨ੍ਹਾਂ ਦੇਸ਼ਾਂ ਵਿੱਚ ਖੜੀ ਹੈ ਜਿੱਥੇ ਉਸ ਨੇ ਕਿਹਾ ਸੀ ਕਿ ਇਹ ਹੋਣਗੇ। ਅਤੇ ਅੱਜ ਅਸੀਂ ਇੱਥੇ ਹਾਂ।

139 ਜਿਨ੍ਹਾਂ ਯਹੂਦੀਆਂ ਨੂੰ ਅਸੀਂ ਜਾਣਦੇ ਹਾਂ, ਉਹ ਅਸਲੀ ਯਹੂਦੀ ਨਹੀਂ ਹਨ। ਅਸਲੀ ਯਹੂਦੀ ਤਾਂ ਉਹੀ ਅਸਲੀ ਕੱਟੜਪੰਥੀ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਦੁਨੀਆਂ ਦੀਆਂ ਚੀਜ਼ਾਂ ਨਾਲ ਭ੍ਰਿਸ਼ਟ ਨਹੀਂ ਕੀਤਾ ਹੈ, ਜੋ ਬਾਹਰ ਨਹੀਂ ਗਏ ਅਤੇ ਹੋਰ ਕਲੀਸਿਯਾਵਾਂ ਵਿੱਚ ਸ਼ਾਮਲ ਨਹੀਂ ਹੋਏ। ਇਹ ਉਹ ਲੋਕ ਹਨ ਜੋ ਵਾਪਸ ਆ ਰਹੇ ਹਨ, ਪਹਾੜੀਆਂ ਉੱਤੇ ਪਨੀਰ ਅਤੇ ਰੋਟੀ ਤੇ ਗੁਜ਼ਾਰਾ ਕਰਦੇ ਸਨ, ਜਿਨ੍ਹਾਂ ਨੂੰ ਪੁਰਾਣੇ ਸ਼ਹਿਰ ਵਿੱਚ ਆਉਣ ਦੀ ਇਜਾਜ਼ਤ ਨਹੀਂ ਹੈ। ਉਨ੍ਹਾਂ ਨੂੰ ਇਸ ਪਾਸੇ ਇੱਕ ਸ਼ਹਿਰ ਬਣਾਉਣਾ ਪਿਆ, ਇੱਕ ਅਜਿਹੀ ਥਾਂ ਜਿੱਥੇ ਕੋਈ ਨਹੀਂ ਜਾ ਸਕਦਾ, ਜਿੱਥੇ ਮਸ਼ੀਨੀ ਬੰਦੂਕਾਂ ਦੋਵੇਂ ਪਾਸੇ ਲੱਗੀਆਂ ਹੋਈਆਂ ਸਨ। ਪਰ ਉਸ ਨੂੰ ਹੁਣ ਕਲੀਆਂ ਲੱਗਣੀਆਂ ਸ਼ੁਰੂ ਹੋ ਗਈਆਂ ਹਨ। ਆਮੀਨ, ਅਤੇ ਆਮੀਨ! ਸਮਾਂ ਨੇੜੇ ਆ ਗਿਆ ਹੈ।

140 ਉੱਥੇ ਇਸਮਾਈਲ ਅਤੇ ਇਸਹਾਕ ਖੜ੍ਹੇ ਹਨ, ਜ਼ਮੀਨ ਬਾਰੇ ਵਿਵਾਦ ਕਰ ਰਹੇ ਹਨ, ਭਾਵੇਂ, ਇਹ ਇਜ਼ਰਾਈਲ ਦੀ ਹੈ। ਜੇ ਤੁਸੀਂ ਨਵੇਂ ਯਰੂਸ਼ਲਮ ਚਲੇ ਜਾਓ, ਤਾਂ ਉਹ ਤੁਹਾਨੂੰ ਪੁਰਾਣੇ ਯਰੂਸ਼ਲਮ ਵਿੱਚ ਜਾਣ ਨਹੀਂ ਦੇਣਗੇ। ਤੁਹਾਨੂੰ ਪਹਿਲਾਂ ਉਥੇ ਜਾਣਾ ਪਵੇਗਾ ਅਤੇ ਅਰਬ ਲੋਕ, ਤੁਹਾਨੂੰ ਸਾਰੀ ਗੱਲ ਸਮਝਾਉਣਗੇ, ਫਿਰ ਤੁਹਾਨੂੰ ਦੂਜੇ ਪਾਸੇ ਲੈ ਕੇ ਜਾਣਗੇ। ਇਹ ਇਸਮਾਈਲ ਦੇ ਬੱਚੇ ਹਨ। ਪਰ,

ਠਹਿਰੋ, ਇੱਕ ਸਮਾਂ ਆਉਣ ਵਾਲਾ ਹੈ ਜਦੋਂ ਪਰਮੇਸ਼ੁਰ ਦੇ ਬੱਚੇ ਉਸਨੂੰ ਕਬਜ਼ੇ ਵਿੱਚ ਲੈ ਲੈਣਗੇ। ਠੀਕ ਗੱਲ ਹੈ। ਯਰੂਸ਼ਲਮ ਮੁੜ ਤਿਆਰ ਕੀਤਾ ਜਾਵੇਗਾ। ਨਿੱਤ ਦੀ ਭੇਤ ਸ਼ੁਰੂ ਕਰ ਦਿੱਤੀ ਜਾਵੇਗੀ।

ਅਤੇ ਮਸੀਹ ਵਿਰੋਧੀ ਉਨ੍ਹਾਂ ਲਈ ਆਖਰੀ ਸੱਤ ਸਾਤਿਆਂ ਲਈ ਇੱਕ ਨੇਮ ਬੰਨ੍ਹੇਗਾ। ਅਤੇ ਇਸ ਦੇ ਵਿਚਕਾਰ, ਉਹ ਉਸ ਨੇਮ ਨੂੰ ਤੋੜ ਦੇਵੇਗਾ, ਉਨ੍ਹਾਂ ਸਾਰਿਆਂ ਨੂੰ ਕੈਥੋਲਿਕ ਧਰਮ ਵਿੱਚ ਬਦਲ ਦੇਵੇਗਾ। ਉਸ ਤਰ੍ਹਾਂ, ਉਹ ਘਿਨਾਉਣੀ ਚੀਜ਼ ਸਾਰੀਆਂ ਚੀਜ਼ਾਂ ਉੱਤੇ ਛਾ ਜਾਵੇਗੀ, ਅਤੇ ਫਿਰ ਅੰਤ ਆ ਜਾਵੇਗਾ।

141 ਦੇਖੋ, "ਸੱਤਰ ਸਾਤੇ।" ਹਾਂ, ਲਗਭਗ ਦੋ ਹਜ਼ਾਰ ਸਾਲ ਹੋ ਗਏ ਹਨ ਜਦੋਂ ਤੋਂ ਉਹ ਆਪਣੇ ਦੇਸ਼ ਤੋਂ ਦੂਰ ਹਨ; ਉਹਨਾ ਨੂੰ ਹੁਣ ਤੱਕ ਭੱਜਾਇਆ ਗਿਆ ਹੈ, ਉਨ੍ਹਾਂ ਲੋਕਾਂ ਨੂੰ; ਜਿਵੇਂ ਫਿਰਉਨ ਦੇ ਦਿਲ ਨੂੰ ਸਖ਼ਤ ਕੀਤਾ ਗਿਆ ਸੀ, ਉਸੇ ਤਰ੍ਹਾਂ ਉਸ ਨੂੰ ਹਿੱਟਲਰ ਦਾ ਦਿਲ ਵੀ ਸਖ਼ਤ ਕਰਨਾ ਪਿਆ। ਉਹ ਲੱਖਾਂ ਦੀ ਗਿਣਤੀ ਵਿੱਚ ਮਾਰੇ ਗਏ ਸਨ। ਇਸ ਆਈਕਮੈਨ ਨੂੰ ਦੇਖੋ, ਜੋ ਛੇ ਲੱਖ ਯਹੂਦੀਆਂ ਨੂੰ ਮਾਰਨ ਦਾ ਦੋਸ਼ੀ ਹੈ। ਛੇ ਲੱਖ, ਇਨਸਾਨੀ ਜਾਨਾਂ, ਬਾਲਕ, ਬੱਚੇ, ਨੌਜਵਾਨ, ਸਭ ਨੂੰ ਮਾਰ ਦਿਤਾ ਗਿਆ; ਆਈਕਮੈਨ, ਇਕੋ ਆਦਮੀ ਦੁਆਰਾ। ਰੂਸ ਨੂੰ ਵੇਖੋ, ਕਿਵੇਂ ਤੁਸੀਂ ਉਨ੍ਹਾਂ ਨੂੰ ਉਥੋਂ ਕੱਢ ਦਿੱਤਾ। ਉਨ੍ਹਾਂ ਨੂੰ ਹਰ ਥਾਂ ਭੱਜਾਇਆ ਗਿਆ। ਉਹ ਇਕ ਤਿਰਸਕਾਰਤ ਕੌਮ ਰਹੀ ਹੈ।

142 ਪਰ ਆਪਣੀ ਮਾਇਆ ਦੇ ਲੋਭ ਕਾਰਨ, ਉਹ ਮੁੜ ਵਾਪਸ ਆ ਗਏ। ਪਰ ਉਹ ਥੋੜ੍ਹੇ ਜਿਹੇ ਅਲਪਸੰਖਿਅਕ ਹੁਣ ਫੇਰ ਫਲਸਤੀਨ ਵੱਲ ਵਾਪਸ ਆ ਰਹੇ ਹਨ। ਆਮੀਨ, ਭਰਾਵੋ! ਜਦੋਂ ਤੁਸੀਂ ਵੇਖਦੇ ਹੋ ਕਿ ਉਹ ਆਪਣੀ ਧਰਤੀ ਵਿੱਚ ਵਾਪਸ ਆ ਰਹੇ ਹਨ!

143 ਉਥੇ ਹੁਣ ਉਹਨਾਂ ਕੋਲ ਇਨੀ ਗਿਣਤੀ ਹੋ ਚੁੱਕੀ ਹੈ ਕਿ ਲਗਭਗ ਇੱਕ ਲੱਖ ਚੁਤਾਲੀ ਹਜ਼ਾਰ ਬਣ ਸਕਦੇ ਹਨ। ਅਤੇ ਹੁਣ ਕੀ ਹੋ ਰਿਹਾ ਹੈ? ਉਹ ਆਪਣੇ ਯੂਸਫ਼ ਨੂੰ ਪਛਾਣ ਲੈਣਗੇ। ਤੁਸੀਂ ਚਿੰਤਾ ਨਾ ਕਰੋ। ਹਾਂ, ਸ਼੍ਰੀਮਾਨ। ਅਤੇ ਉਹ ਸਾਰੇ ਉੱਥੇ ਖੜ੍ਹੇ ਇਸਦੇ ਹੋਣ ਦੀ ਉਡੀਕ ਕਰ ਰਹੇ ਹਨ। ਅਤੇ ਉਸੇ ਘੜੀ ਜਦੋਂ…

144 ਇਸ ਪਿਛਲੇ ਸਾਲ ਹੀ, ਦੇਸ਼ਾਂ ਨੇ ਉਨ੍ਹਾਂ ਨੂੰ ਇੱਕ ਦੇਸ਼ ਘੋਸ਼ਿਤ ਕਰ ਦਿੱਤਾ ਹੈ। ਜਦੋਂ ਇਹ ਪੂਰਾ ਹੁੰਦਾ ਹੈ, ਤਾਂ ਅਸੀਂ ਅੰਤ ਦੇ ਨੇੜੇ ਹਾਂ, ਪਰਾਈਆਂ ਕੌਮਾਂ ਦੀ ਕਲੀਸੀਆ ਚਲੀ ਜਾਂਦੀ ਹੈ। ਇਸ ਕਰਕੇ, ਕਿਸੇ ਵੀ ਵੇਲੇ, ਪਰਮੇਸ਼ੁਰ ਕਹਿ ਸਕਦਾ ਹੈ, "ਇਜ਼ਰਾਏਲੀ ਮੇਰੇ ਲੋਕ ਹਨ।" ਜਦੋਂ ਇਹ ਹੁੰਦਾ ਹੈ, ਤਾਂ ਪਰਾਈਆਂ ਕੌਮਾਂ ਖਤਮ ਹੋ ਜਾਂਦੀਆਂ ਹਨ।

145 “ਉਹ ਮਿੱਧੇ ਜਾਣਗੇ,” ਯਿਸੂ ਨੇ, ਮੱਤੀ 24 ਵਿੱਚ ਕਿਹਾ ਸੀ। “ਘਿਣਾਉਣੀ ਚੀਜ਼ ਜੋ ਉਜਾੜਦੀ ਹੈ, ਉਹ ਯਰੂਸ਼ਲਮ ਦੀਆਂ ਕੰਧਾਂ ਨੂੰ ਲਤਾੜਣਗੇ ਜਦੋਂ ਤੱਕ ਪਰਾਈਆਂ ਕੌਮਾਂ ਦਾ ਸਮਾਂ ਖਤਮ ਨਹੀਂ ਹੋ ਜਾਂਦਾ।” ਜਦੋਂ ਇਹ ਖਤਮ ਹੋ ਜਾਂਦਾ ਹੈ, ਤਾਂ ਯਹੂਦੀ ਮੰਦਰ ਨੂੰ ਮੁੜ ਸਥਾਪਿਤ ਕਰਕੇ ਉਸ ਵਿੱਚ ਅਰਾਧਨਾ ਕਰਨ ਲਈ, ਯਰੂਸ਼ਲਮ ਵਿੱਚ ਵਾਪਸ ਆ ਜਾਣਗੇ। ਅਸੀਂ ਇਹ ਸਭ ਕੁਝ ਅਗਲੇ ਸੰਦੇਸ਼ਾਂ ਵਿੱਚ ਪਾਵਾਂਗੇ, ਸੱਤਰ ਸਾਤਿਆਂ ਦੇ ਛੇ ਉਦੇਸ਼।

ਹੁਣ ਮੈਂ ਇਸਨੂੰ ਸਮਾਪਤੀ ਤੋਂ ਪਹਿਲਾਂ ਪੜ੍ਹਾਂਗਾ, ਕਿਉਂਕਿ ਉਦੋਂ ਸਾਡੇ ਘਰ ਜਾਣ ਦਾ ਸਮਾਂ ਹੋਵੇਗਾ, ਫਿਰ ਅੱਜ ਰਾਤ ਸੱਤ ਵਜੇ ਵਾਪਸ ਆ ਜਾਣਾ।

146 ਪਹਿਲਾ, ਪਹਿਲਾ, ਜੇ ਤੁਸੀਂ ਇਸ ਨੂੰ ਲਿਖ ਰਹੇ ਹੋ, “ਅਪਰਾਧ ਨੂੰ ਖਤਮ ਕਰਨ ਲਈ।” ਦਾਨੀਏਲ, 9ਵਾਂ ਅਧਿਆਇ, 24ਵੀਂ ਆਇਤ। “ਅਪਰਾਧ ਨੂੰ ਮੁਕਾਏ,” ਇੱਕ। “ਪਾਪਾਂ ਦਾ ਅੰਤ ਕਰੇ,” ਦੋ। “ਬੁਰਿਆਈ ਦਾ ਪਰਾਸਚਿਤ ਕਰੇ,” ਤਿੰਨ। “ਸਦਾ ਦਾ ਧਰਮ ਲਿਆਵੇ,” ਚਾਰ। “ਦਰਿਸ਼ਟ ਅਰ ਅਗੰਮ ਵਾਕ ਉੱਤੇ ਮੋਹਰ ਲਾਵੇ,” ਪੰਜ। “ਅੱਤ ਪਵਿੱਤ੍ਰ ਨੂੰ ਮਸਹ ਕਰੇ,” ਛੇ। ਅਤੇ ਇਹੀ ਗੱਲ ਹੈ ਜਿਸ ਤੇ ਅਸੀਂ ਅੱਜ ਰਾਤ ਗੱਲ ਕਰਾਂਗੇ।ਪਰਮੇਸ਼ੁਰ, ਇਸ ਨੂੰ ਪੂਰਾ ਕਰ ਰਿਹਾ ਹੈ!

147 ਹੁਣ ਉਡੀਕ ਕਰੋ, ਮੈਨੂੰ ਦੁਬਾਰਾ ਇਸ ਵਿੱਚ ਜਾਣ ਦਿਓ, ਤਾਂ ਜੋ ਤੁਸੀਂ ਸਮਝ ਸਕੋ। ਪਹਿਲਾ, “ਅਪਰਾਧ ਨੂੰ ਮੁਕਾਏ।” ਦੂਜਾ, “ਪਾਪਾਂ ਦਾ ਅੰਤ ਕਰੇ।” ਤੀਜਾ, “ਬੁਰਿਆਈ ਦਾ ਪਰਾਸਚਿਤ ਕਰੇ।” ਚੌਥਾ, “ਸਦਾ ਦਾ ਧਰਮ ਲਿਆਵੇ।” ਪੰਜਵਾਂ, “ਦਰਿਸ਼ਟ ਅਰ ਅਗੰਮ ਵਾਕ ਉੱਤੇ ਮੋਹਰ ਲਾਵੇ।” ਛੇਵਾਂ, “ਅੱਤ ਪਵਿੱਤ੍ਰ ਨੂੰ ਮਸਹ ਕਰੇ।”

ਮੈਂ ਹੁਣ ਇਸ ਨੂੰ ਤੁਹਾਡੇ ਲਈ ਪੜ੍ਹਦਾ ਹਾਂ, ਬਾਈਬਲ ਵਿੱਚੋਂ—ਵਿੱਚੋਂ। ਇਹ 24ਵੀਂ ਆਇਤ ਹੈ।

> ਸੱਤ-...*ਸੱਤਰ ਸਾਤੇ ਤੇਰੇ ਲੋਕਾਂ (ਯਹੂਦੀਆਂ) ਅਤੇ ਤੇਰੇ ਪਵਿੱਤ੍ਰ—ਤੇਰੇ ਪਵਿੱਤ੍ਰ ਸ਼ਹਿਰ* (ਇਸਰਾਏਲ, ਯਹੂਦੀਆਂ, ਯਰੂਸ਼ਲਮ) *ਲਈ ਠਹਿਰਾਏ ਗਏ ਹਨ,* ਭਈ ਉਹ ਉਸ ਅਪਰਾਧ *ਨੂੰ ਮੁਕਾਏ* (ਇੱਕ)...*ਅਤੇ ਪਾਪਾਂ ਦਾ ਅੰਤ ਕਰੇ* (ਦੋ),...*ਅਤੇ ਬੁਰਿਆਈ* ਦਾ ਪਰਾਸਚਿਤ *ਕਰੇ* (ਤਿੰਨ),...*ਸਦਾ ਦਾ ਧਰਮ ਲਿਆਵੇ* (ਚਾਰ), *ਅਤੇ ਦਰਿਸ਼ਟ ਅਰ ਅਗੰਮ ਵਾਕ* (ਪੰਜ)—*ਅਗੰਮ ਵਾਕ ਉੱਤੇ ਮੋਹਰ ਲਾਵੇ, ਅਤੇ ਅੱਤ ਪਵਿੱਤ੍ਰ ਨੂੰ ਮਸਹ ਕਰੇ* (ਛੇ)।

148 ਬਿਲਕੁਲ ਇਹੀ ਕੁਝ ਉਹ ਉਸ ਨੂੰ ਦੱਸਣ ਲਈ ਆਇਆ ਸੀ, ਜੋ ਕੀਤਾ ਜਾਣਾ ਸੀ, ਅਤੇ ਫਿਰ ਅੰਤ ਆ ਜਾਵੇਗਾ।

149 ਹੁਣ, ਅੱਜ ਰਾਤ ਅਸੀਂ ਜਾਣਾਂਗੇ ਕਿ ਉਹ ਚੀਜ਼ਾਂ ਕੀ ਹਨ, ਅਤੇ ਦੇਖਾਂਗੇ ਕਿ ਅਸੀਂ ਉਸ ਦੇ ਕਿੰਨੇ ਨੇੜੇ ਹਾਂ। ਅਤੇ ਫਿਰ ਅਗਲੇ ਐਤਵਾਰ, ਇਹਨਾਂ ਸਮੇਂ ਦੇ ਤੱਤਾਂ ਨੂੰ ਲਿਆ ਕੇ ਉੱਥੇ ਰੱਖ ਦਿਆਂਗੇ ਜਿੱਥੇ ਅਸੀਂ ਖੜ੍ਹੇ ਹਾਂ। ਮੈਂ ਉਸਨੂੰ ਪਿਆਰ ਕਰਦਾ ਹਾਂ।

150 ਇਜ਼ਰਾਈਲ ਆਪਣੇ ਧਰਤੀ ਵੱਲ ਵਾਪਸ ਆ ਰਿਹਾ ਹੈ, ਇਜ਼ਰਾਈਲ। ਮੈਨੂੰ ਹੁਣ ਇਹ ਕਹਿਣ ਦਿਓ ਜਦੋਂ...ਮੈਨੂੰ ਲੱਗਦਾ ਹੈ ਕਿ ਇਹ ਟੇਪ ਤੋਂ ਬਾਹਰ ਹੈ। ਮੈਨੂੰ ਇਹ ਕਹਿਣ ਦਿਓ। ਉਸੇ ਘੜੀ ਜਦੋਂ ਇਜ਼ਰਾਈਲ ਇੱਕ ਦੇਸ਼ ਬਣਿਆ...ਇਸੇ ਕਾਰਨ ਮੈਂ ਹਮੇਸ਼ਾਂ ਆਪਣੀ ਸੰਗਤ ਅੱਗੇ ਇਹੀ ਵਿਸ਼ਵਾਸ ਕੀਤਾ ਹੈ, ਕਿ ਕੋਈ ਨਾ ਕੋਈ ਗੱਲ ਹੋਣੀ ਹੈ ਜਿਸ ਵਿੱਚ ਮੇਰਾ ਵੀ ਹਿੱਸਾ ਹੋਵੇਗਾ। ਮੈਂ ਮਰਨ ਤੋਂ ਪਹਿਲਾਂ, ਇਜ਼ਰਾਏਲ ਨੂੰ ਵਾਪਸ ਪ੍ਰਭੂ ਕੋਲ ਲਿਆਉਣ ਵਿੱਚ ਮੇਰਾ ਵੀ ਯੋਗਦਾਨ ਹੋਵੇਗਾ। ਕਿਉਂਕਿ, ਪੈਨ ਅਮੈਰੀਕਾ ਵਾਲੇ ਚਾਰਟ ਦੇ ਅਨੁਸਾਰ, ਉਸੇ ਘੜੀ ਜਦੋਂ, ਦੋ ਹਜ਼ਾਰ ਸਾਲਾਂ ਵਿੱਚ ਪਹਿਲੀ ਵਾਰ, ਇਜ਼ਰਾਏਲ ਨੂੰ ਦੇਸ਼ ਘੋਸ਼ਿਤ ਕੀਤਾ ਗਿਆ ਜਦੋਂ ਤੋਂ ਉਹ ਖਿੰਡੇ ਹੋਏ ਸਨ, ਉਨ੍ਹਾਂ ਦੀ ਕੋਈ ਪਛਾਣ ਨਹੀਂ ਸੀ; ਉਸੇ ਹੀ ਸਮੇਂ, ਬਿਲਕੁਲ ਉਸੇ ਹੀ ਸਮੇਂ, ਪ੍ਰਭੂ ਦਾ ਦੂਤ ਮੈਨੂੰ ਉੱਥੇ ਮਿਲਿਆ ਅਤੇ ਮੈਨੂੰ ਉਨ੍ਹਾਂ ਦੇ ਕੋਲ ਭੇਜਿਆ...ਸੁਸਮਾਚਾਰ ਦੇ ਨਾਲ। ਬਿਲਕੁਲ ਉਹੀ ਗੱਲ, 7 ਮਈ, 1946।

151 ਹੁਣ, ਫਿਰ, ਇੱਕ ਹੋਰ ਗੱਲ ਜੋ ਉਸ ਨੇ ਮੈਨੂੰ ਇਹ ਜਾਣਨ ਲਈ ਦਿਤੀ। ਉਹ ਹੈ, "ਬਾਲਕਾਂ ਦੇ ਦਿਲਾਂ ਨੂੰ ਪੇਵਾਂ ਵੱਲ, ਅਤੇ ਪੇਵਾਂ ਦੇ ਦਿਲਾਂ ਨੂੰ ਬਾਲਕਾਂ ਵੱਲ ਫੇਰਨਾ," ਇਹ ਸੰਦੇਸ਼ ਸੀ। ਧਿਆਨ ਦਿਓ, ਮਲਾਕੀ 4 (3 ਨਹੀਂ), 4!

152 ਇੱਕ ਹੋਰ ਗੱਲ। ਜਦੋਂ ਬਿਲੀ, ਮੇਰਾ ਪੁੱਤਰ, ਮੈਂ ਖੁਦ ਅਤੇ ਭਾਈ ਅਰਨ ਬੈਕਸਟਰ, ਫ਼ਿਲੀਸਤਿਨ ਦੇ ਰਾਹ ਵਿੱਚ ਸੀ, ਜਦ ਅਸੀਂ ਭਾਈ ਆਰਗਨਬਰਾਈਟ ਕੋਲ ਯਹੂਦੀਆਂ ਨੂੰ ਮਿਲੇ ਅਤੇ ਉਨ੍ਹਾਂ ਨੇ ਇਨ੍ਹਾਂ ਸਭਾਵਾਂ ਨੂੰ ਵੇਖਿਆ। ਲੂਈ ਪੈਥਰਸ ਨੇ ਉੱਥੇ ਇਹ ਬਾਈਬਲਾਂ ਉੱਥੇ ਭੇਜੀਆਂ ਸਨ। ਅਤੇ ਉਹਨਾਂ ਨੇ ਕਿਹਾ...ਇਹ ਯਹੂਦੀ ਆਏ, ਕਿਹਾ, "ਜੇ ਤੁਸੀਂ ਇਸਰਾਏਲ ਦੇ ਆਗੂਆਂ ਦੇ ਝੁੰਡ ਨੂੰ ਇੱਥੇ ਬੁਲਾਓਗੇ, ਮੇਰਾ ਮਤਲਬ, ਇਨ੍ਹਾਂ ਨਵੇਂ ਰੱਬੀਆਂ ਤੋਂ ਨਹੀਂ ਹੈ ਜਿਹੜੇ ਆਪਣਿਆਂ ਰਸਮਾਂ ਦੇ ਨਾਲ ਹਨ, ਪਰ ਇਸਰਾਏਲ ਦੇ ਅਸਲ ਆਗੂਆਂ ਨੂੰ ਇਕੱਠੇ ਬੁਲਾਓ। ਅਤੇ ਅਸੀਂ ਇਹ ਨਵਾਂ ਨੇਮ ਪੜ੍ਹਿਆ ਹੈ, ਅਤੇ ਅਸੀਂ ਜਾਣਦੇ ਹਾਂ ਕਿ ਜਦੋਂ ਮਸੀਹਾ ਆਵੇਗਾ, ਉਹ ਸਾਨੂੰ ਇਹ ਗੱਲਾਂ ਦੱਸੇਗਾ, ਜਿਵੇਂ ਸਾਮਰਿਯਾ ਵਿੱਚ ਔਰਤ ਨੂੰ ਦੱਸੀਆਂ ਸਨ। ਅਸੀਂ ਜਾਣਦੇ ਹਾਂ

ਕਿ ਮੂਸਾ ਨੇ ਕਿਹਾ ਸੀ ਕਿ ਸਾਡਾ ਮਸੀਹਾ ਇੱਕ ਨਬੀ ਹੋਵੇਗਾ। ਜਦੋਂ ਤੁਸੀਂ ਉਨ੍ਹਾਂ ਨੂੰ ਲਿਖਤਾਂ ਦੁਆਰਾ ਦੱਸ ਸਕਦੇ ਹੋ ਅਤੇ ਦਿਖਾ ਸਕਦੇ ਹੋ," ਜਿਸ ਨੂੰ ਅਸੀਂ ਅੱਜ ਰਾਤ ਦੇ ਸੰਦੇਸ਼ ਵਿੱਚ ਲਵਾਂਗੇ, "ਕਿ ਉਨ੍ਹਾਂ ਨੂੰ ਹਨੇਰੇ ਵਿੱਚ ਰੱਖਣਾ ਪਿਆ ਅਤੇ ਉਨ੍ਹਾਂ ਦੇ ਦਿਲਾਂ ਨੂੰ ਕਿਵੇਂ ਫੇਰ ਦਿੱਤਾ ਗਿਆ, ਤਾਂ ਜੋ ਪਰਾਈਆਂ ਕੌਮਾਂ ਲਈ ਜਗ੍ਹਾ ਬਣ ਸਕੇ, ਤਾਂ ਜੋ ਸਾਡੇ ਕੋਲ ਪਰਾਈਆਂ ਕੌਮਾਂ ਦੇ ਪਰਾਸਚਿਤ ਲਈ ਸਮਾਂ ਹੋਵੇ। ਅਤੇ ਉਨ੍ਹਾਂ ਦੇ ਦਿਲ ਬਿਲਕੁਲ ਉਸੇ ਤਰ੍ਹਾਂ ਕਠੋਰ ਹੋ ਗਏ ਸਨ ਜਿਵੇਂ ਯੂਸੁਫ਼ ਦੇ ਸਮੇਂ ਵਿੱਚ ਹੋਏ ਸਨ, ਅਤੇ ਵਗੈਰਾ-ਵਗੈਰਾ। ਅਤੇ ਫਿਰ ਉਨ੍ਹਾਂ ਯਹੂਦੀਆਂ ਨੂੰ ਇੱਕ ਜਗ੍ਹਾ ਤੇ ਲਿਆਓ, ਅਤੇ ਉਸ ਸਭਾ ਵਿੱਚੋਂ ਉਨ੍ਹਾਂ ਆਦਮੀਆਂ ਨੂੰ ਬੁਲਾਓ, ਬਿਲਕੁਲ ਉਸੇ ਤਰ੍ਹਾਂ ਜਿਵੇਂ ਤੁਸੀਂ ਇਨ੍ਹਾਂ ਪਰਾਈਆਂ ਕੌਮਾਂ ਨਾਲ, ਆਤਮਾ ਦੀ ਪ੍ਰੇਰਣਾ ਨਾਲ ਕਰਦੇ ਹੋ । ਕਿਉਂਕਿ," ਓਹਨਾਂ ਨੇ ਕਿਹਾ, "ਜੇ ਇਹ ਯਿਸੂ, ਜੇ ਉਹ ਮਸੀਹਾ ਹੈ, ਅਤੇ ਤੁਹਾਡੇ ਸ਼ਬਦ ਸੱਚੇ ਹਨ, ਤਾਂ ਉਹ ਮਰਿਆ ਹੋਇਆ ਨਹੀਂ ਹੈ, ਅਤੇ ਉਹ ਜਿਉਂਦਾ ਹੈ। ਅਤੇ ਜੇਕਰ ਉਹ ਜਿਉਂਦਾ ਹੈ, ਤਾਂ ਉਸਨੇ ਆਪਣਿਆਂ ਵਿੱਚ ਹੋਣ ਦਾ ਵਾਅਦਾ ਕੀਤਾ ਸੀ-... ਆਪਣੇ ਸੇਵਕਾਂ—ਸੇਵਕਾਂ, ਆਪਣਿਆਂ ਚੇਲਿਆਂ ਵਿੱਚ। ਅਤੇ ਜੇਕਰ ਅਸੀਂ ਉਸਨੂੰ ਨਬੀ ਵਾਲੇ ਚਿੰਨ੍ਹ ਦਿਖਾਉਂਦੇ ਹੋਏ ਦੇਖ ਲਈਏ, ਤਾਂ ਅਸੀਂ ਵਿਸ਼ਵਾਸ ਕਰ ਲਵਾਂਗੇ ਕਿ ਉਹ ਮਸੀਹਾ ਹੈ।"

ਕਿੰਨੀ ਸੰਪੂਰਨ ਚੀਜ਼ ਹੈ, ਬਿਲਕੁਲ ਸਹੀ। ਫਿਰ, ਇਸ ਨਾਲ ਕੀ ਹੋਵੇਗਾ? ਆਗੂਆਂ ਦੇ ਦਰਮਿਆਨ, ਇੱਕ ਦਿਨ ਵਿੱਚ ਇੱਕ ਕੌਮ ਦਾ ਜਨਮ ਹੋਵੇਗਾ। ਉਨ੍ਹਾਂ ਵਿੱਚੋਂ ਹਰ ਇੱਕ ਕਹੇਗਾ, "ਅਸੀਂ ਇਹ ਜਾਣਦੇ ਹਾਂ।" ਜਦੋਂ ਉਹ ਰੱਬੀ ਇਹ ਕਹਿੰਦਾ ਹੈ, ਤਾਂ ਇਸ ਨਾਲ ਗੱਲ ਮੁੱਕ ਜਾਵੇਗੀ। ਇੱਕ ਦਿਨ ਵਿੱਚ ਇੱਕ ਕੌਮ ਪੈਦਾ ਹੋ ਜਾਵੇਗੀ। ਇਜ਼ਰਾਈਲ ਇੱਕ ਦਿਨ ਵਿੱਚ ਜਨਮ ਲੈ ਲਵੇਗਾ।

153 ਅਤੇ ਮੈਂ ਰਸਤੇ ਤੇ ਸੀ, ਕਾਇਰੋ, ਮਿਸਰ ਵਿਚ ਖੜਾ ਸੀ, ਟਿਕਟ ਮੇਰੇ ਹੱਥ ਵਿੱਚ ਸੀ, ਅਤੇ ਘੋਸ਼ਣਾ ਹੋਣ ਵਿੱਚ ਸਿਰਫ਼ ਪੰਦਰਾਂ ਜਾਂ ਵੀਹ ਮਿੰਟ ਬਾਕੀ ਸਨ। ਉਹ ਐਲਾਨ ਕਰਨ ਹੀ ਵਾਲੇ ਸਨ। ਅਤੇ ਕਾਲੀ ਲੱਕੜ ਦੇ ਇਸ ਛੋਟੇ ਜਿਹੇ ਟੁਕੜੇ ਨੂੰ ਵੇਖਣ ਲਈ ਹੇਠਾਂ ਗਿਆ, ਉਸ ਕਾਲੀ ਲੱਕੜ ਨਾਲ ਇੱਕ ਛੋਟਾ ਜਿਹਾ ਹਾਥੀ ਬਣਾਇਆ ਗਿਆ ਸੀ, ਜਿਸ ਵਿੱਚ ਹਾਥੀ ਦੇ ਦੰਦ ਲੱਗੇ ਹੋਏ ਸਨ। ਇਹ ਆਪਣੇ ਡਾਕਟਰ ਦੋਸਤ, ਡਾ. ਸੈਮ ਅਡੇਅਰ ਨੂੰ ਕਾਗਜ਼ ਤੇ ਭਾਰ ਰੱਖਣ ਲਈ ਭੇਜਣ ਵਾਲਾ ਸੀ। ਅਤੇ ਮੈਂ ਉਸ ਨੂੰ ਵੇਖ ਰਿਹਾ ਸੀ। ਅਤੇ ਕਿਸੇ ਚੀਜ ਨੇ ਮੈਨੂੰ ਕਿਹਾ, "ਅਜੇ ਇਹ ਉਹ ਸਮਾਂ ਨਹੀਂ ਹੈ। ਫ਼ਿਲੀਸਤੀਨ ਤੋਂ ਬਾਹਰ ਰਹੋ।"

154 ਤਾਂ ਮੈਂ ਸੋਚਿਆ, "ਇਹ ਤਾਂ ਬਸ ਮੇਰੀ ਆਪਣੀ ਹੀ ਸੋਚ ਸੀ।" ਅਤੇ ਮੈਂ

ਅੱਗੇ ਚਲਾ ਗਿਆ।

ਕਿਸੇ ਚੀਜ ਨੇ ਕਿਹਾ, “ਇਹ ਉਹ ਘੜੀ ਨਹੀਂ ਹੈ।”

155 ਅਤੇ ਮੈਂ ਵਿਮਾਨਸ਼ਾਲਾ ਦੇ ਪਿੱਛੇ ਚਲਾ ਗਿਆ। ਮੈਂ ਆਪਣਾ ਸਿਰ ਪਰਮੇਸ਼ੁਰ ਵੱਲ ਉਠਾਇਆ। ਮੈਂ ਕਿਹਾ, “ਪਰਮੇਸ਼ੁਰ, ਕੀ ਇਹ ਤੂੰ ਸੀ ਜੋ ਮੇਰੇ ਨਾਲ ਗੱਲ ਕਰ ਰਿਹਾ ਸੀ?”

156 ਉਸ ਨੇ ਆਖਿਆ, “ਇਹ ਉਹ ਸਮਾਂ ਨਹੀਂ ਹੈ। ਫ਼ਿਲੀਸਤੀਨ ਤੋਂ ਬਾਹਰ ਰਹੋ। ਇਹ ਉਹ ਸਮਾਂ ਨਹੀਂ ਹੈ।” ਫਿਰ ਮੈਂ ਆਪਣੀ ਟਿਕਟ ਲਈ ਅਤੇ ਇਸ ਨੂੰ ਬਦਲ ਲਿਆ, ਅਤੇ ਉਥੋਂ ਰੋਮ ਰਾਹੀਂ ਚੱਲਿਆ ਗਿਆ, ਤੇ ਉੱਥੋਂ ਲਿਸਬਨ, ਪੁਰਤਗਾਲ ਵਿੱਚ ਆ ਗਿਆ, ਅਤੇ ਉਥੋਂ ਮੁੜ ਕੇ ਅਮਰੀਕਾ ਵਾਪਸ ਆ ਗਿਆ।

157 ਉਹ ਘੜੀ ਹਾਲੇ ਨਹੀਂ ਆਈ ਸੀ। ਪਰਾਈਆਂ ਕੌਮਾਂ ਦੀ ਬੁਰਿਆਈ ਅਜੇ ਤਕ ਪੂਰੀ ਨਹੀਂ ਹੋਈ ਸੀ, ਕਿ ਪਿਆਲਾ ਭਰ ਜਾਵੇ। ਪਰ ਕਿਸੇ ਦਿਨ ਉਹ ਹੋ ਜਾਵੇਗਾ, ਅਤੇ ਪਰਮੇਸ਼ੁਰ ਉਥੇ ਕਿਸੇ ਨੂੰ ਭੇਜੇਗਾ ਜੋ ਨਬੀ ਨੂੰ ਹੋਵੇਗਾ, ਜੋ ਉਨ੍ਹਾਂ ਨੂੰ ਸਾਬਤ ਕਰ ਕੇ ਦਿਖਾਵੇਗਾ। ਮੈਂ ਆਸ ਕਰਦਾ ਹਾਂ ਕਿ ਪਰਮੇਸ਼ੁਰ ਉਸਨੂੰ ਜਲਦੀ ਉਠਾਵੇ, ਚਾਹੇ ਉਹ ਜੋ ਕੋਈ ਵੀ ਹੋਵੇ, ਉਸਨੂੰ ਜਲਦੀ ਖੜਾ ਕਰੇ। ਮੈਂ ਮੰਨਦਾ ਹਾਂ ਕਿ ਇਹ ਹੋਣਾ ਹੀ ਹੋਣਾ ਹੈ। ਅਸੀਂ ਇਸੇ ਕਰਕੇ ਇਸਦਾ ਅਧਿਐਨ ਕਰ ਰਹੇ ਹਾਂ, ਕਿਉਂਕਿ ਅਸੀਂ ਬਹੁਤ ਨੇੜੇ ਪਹੁੰਚ ਗਏ ਹਾਂ।

158 ਅਤੇ, ਯਾਦ ਰੱਖੋ, ਜਿਸ ਵੇਲੇ ਜਦੋਂ ਯਹੂਦੀ ਮਸੀਹ ਨੂੰ ਕਬੂਲ ਕਰ ਲੈਂਦੇ ਹਨ, ਉਸੇ ਵੇਲੇ ਹੀ ਪਰਾਈਆਂ ਕੌਮਾਂ ਦੀ ਕਲੀਸਿਯਾ ਚਲੀ ਜਾਂਦੀ ਹੈ। ਫਿਰ ਪਰਾਈਆਂ ਕੌਮਾਂ ਤੇ ਮਹਾਮਾਰੀਆਂ ਡੋਲ੍ਹ ਦਿੱਤੀਆਂ ਜਾਂਦੀਆਂ ਹਨ, ਕਸ਼ਟਕਾਲ ਸ਼ੁਰੂ ਹੋ ਜਾਂਦਾ ਹੈ।

159 ਅਤੇ—ਅਤੇ ਮਨੁੱਖ, ਵੱਡੇ-ਵੱਡੇ ਉਸਤਾਦ ਕਿਵੇਂ ਸਿੱਖਾ ਸਕਦੇ ਹਨ, ਜੋ ਬਾਈਬਲ ਨੂੰ ਇੰਝ ਵੇਖ ਰਹੇ ਹਨ, ਅਤੇ ਕਹਿ ਸਕਦੇ ਹਨ ਕਿ ਕਲੀਸਿਯਾ ਕਸ਼ਟ ਕਾਲ ਵਿੱਚੋਂ ਲੰਘ ਕੇ ਜਾਵੇਗੀ, ਜਦਕਿ ਬਾਈਬਲ ਵਿਚ ਇਕ ਵੀ ਆਇਤ ਨਹੀਂ ਜੋ ਇਹ ਗੱਲ ਆਖਦੀ ਹੋਵੇ! ਉਨ੍ਹਾਂ ਕੋਲ ਇੱਕ ਵੀ ਚੀਜ਼ ਨਹੀਂ ਹੈ।

160 ਜਿਆਦਾ ਚਿਰ ਨਹੀਂ ਹੋਇਆ, ਇੱਕ ਆਦਮੀ ਨੇ ਮੈਨੂੰ ਦੱਸਿਆ ਸੀ, ਉਸ ਨੇ ਕਿਹਾ, “ਔਹ, ਭੈਣ ਮੈਕਫ਼ਰਸਨ ਨੇ ਸਿਖਾਇਆ ਸੀ ਕਿ ਕਲੀਸਿਯਾ ਕਸ਼ਟ ਕਾਲ ਵਿੱਚੋਂ ਲੰਘ ਕੇ ਜਾਵੇਗੀ, ਕਿਉਂਕਿ ਅਸੀਂ ਉਸ ਵੇਲੇ ਚਮਕਦੇ ਦੀਵੇ ਹੋਵਾਂਗੇ।” ਉਹ ਉਦੋਂ ਇਸਰਾਏਲ ਲਈ ਹੋਵੇਗਾ, ਨਾ ਕਿ ਪਰਾਈਆਂ ਕੌਮਾਂ ਦੇ ਲਈ।

ਪਰਾਈਆਂ ਕੌਮਾਂ, ਦੀ ਕਲੀਸਿਯਾ ਪਹਿਲਾਂ ਹੀ ਜਾ ਚੁੱਕੀ ਹੋਵੇਗੀ। ਉਨ੍ਹਾਂ ਨੂੰ ਕਿਸੇ ਵੀ ਕਸ਼ਟਕਾਲ ਵਿੱਚੋਂ ਨਹੀਂ ਲੰਘਣਾ ਪਵੇਗਾ। "ਅਜਗਰ ਨੇ ਆਪਣੇ ਮੂੰਹੋਂ ਪਾਣੀ ਵਗਾਇਆ," 17ਵਾਂ ਅਧਿਆਇ, "ਅਤੇ ਜਿਹੜੇ ਰਹਿੰਦੇ ਸਨ ਯੁੱਧ ਕੀਤਾ," ਸੁੱਤੀ ਹੋਈ ਕੁਆਰੀ ਨਾਲ। ਨਹੀਂ...ਅਸਲੀ ਕਲੀਸਿਯਾ ਚਲੀ ਗਈ ਹੋਵੇਗੀ। ਉਹ ਤਾਂ ਵਿਆਹ ਦੇ ਭੋਜ ਵਿੱਚ ਹੋਵੇਗੀ ਇਹਨਾਂ ਲਈ, ਉਹ ਸਮਾਂ ਜਿੱਥੇ ਵਿਆਹ ਦਾ ਭੋਜ ਹੋਵੇਗਾ, ਆਖਰੀ ਸਾਤਾ। ਅਤੇ ਉਦੋਂ ਹੀ ਕਸ਼ਟਕਾਲ ਦੀ ਸ਼ੁਰੂਆਤ ਹੋ ਜਾਂਦੀ ਹੈ, ਜਦੋਂ ਟਿੱਡੀਆਂ ਅਤੇ ਅਤਿਆਚਾਰ ਕਲੀਸਿਯਾਵਾਂ ਉੱਤੇ ਚੜ੍ਹਾਈ ਕਰਦੇ ਹਨ, ਇਸ ਤਰ੍ਹਾਂ ਦੀਆਂ ਚੀਜ਼ਾਂ ਹੋਣ ਲਗ ਜਾਂਦੀਆਂ ਹਨ।

ਫਿਰ, ਅੰਤ ਵਿੱਚ, 19ਵੇਂ ਅਧਿਆਇ ਵਿੱਚ, ਇੱਥੇ ਉਹ ਆਪਣੇ ਲਾੜੇ ਨਾਲ ਆਉਂਦੀ ਹੈ। ਹਲਲੂਯਾਹ! "ਰਾਜਿਆਂ ਦਾ ਰਾਜਾ, ਅਤੇ ਪ੍ਰਭੂਆਂ ਦਾ ਪ੍ਰਭੂ; ਜਿਸਦਾ ਪਹਿਰਾਵਾ ਲਹੂ ਵਿੱਚ ਡੁਬੋਇਆ ਹੋਇਆ ਹੈ, ਅਤੇ ਸਵਰਗੀ ਸੈਨਾ ਚਿੱਟੇ ਘੋੜਿਆਂ ਤੇ ਸਵਾਰ ਹੋ ਕੇ, ਉਸਦੇ ਨਾਲ ਆ ਰਹੀ ਹੋਵੇਗੀ। ਉੱਥੇ ਉਹ ਆਉਂਦੀ ਹੈ, ਹਜ਼ਾਰ ਸਾਲਾ ਰਾਜ ਵਿੱਚ ਆਪਣੀ ਜਗ੍ਹਾ ਲੈਣ ਲਈ। ਆਮੀਨ! ਔਹ!

ਮੁਬਾਰਕ ਹੋਵੇ ਉਹ ਨਾਮ, ਔਹ, ਮੁਬਾਰਕ ਹੋਵੇ ਉਹ ਨਾਮ,
ਪ੍ਰਭੂ ਦਾ ਨਾਮ ਮੁਬਾਰਕ ਹੋਵੇ;
ਮੁਬਾਰਕ ਹੋਵੇ ਉਹ ਨਾਮ, ਔਹ, ਮੁਬਾਰਕ ਹੋਵੇ ਉਹ ਨਾਮ,
ਪ੍ਰਭੂ ਦਾ ਨਾਮ ਮੁਬਾਰਕ ਹੋਵੇ।

ਯਿਸੂ ਹੈ ਉਹ ਨਾਮ, ਯਿਸੂ ਹੈ ਉਹ ਨਾਮ,
ਯਿਸੂ ਪ੍ਰਭੂ ਦਾ ਨਾਮ ਹੈ;
ਯਿਸੂ ਹੈ ਉਹ ਨਾਮ, ਔਹ, ਯਿਸੂ ਹੈ ਉਹ ਨਾਮ,
ਯਿਸੂ ਪ੍ਰਭੂ ਦਾ ਨਾਮ ਹੈ।

ਉਸਦੇ ਨਾਮ ਨੂੰ ਵਡਿਆਓ, ਔਹ, ਉਸਦੇ ਨਾਮ ਨੂੰ ਵਡਿਆਓ,
ਔਹ, ਪ੍ਰਭੂ ਦੇ ਨਾਮ ਦੀ ਵਡਿਆਈ ਕਰੋ;
ਉਸਦੇ ਨਾਮ ਨੂੰ ਵਡਿਆਓ, ਔਹ, ਉਸਦੇ ਨਾਮ ਨੂੰ ਵਡਿਆਓ,
ਪ੍ਰਭੂ ਦੇ ਨਾਮ ਦੀ ਵਡਿਆਈ ਕਰੋ।

161 ਤੁਸੀਂ ਇਹ ਕਿਵੇਂ ਕਰੋਗੇ? ਤੁਸੀਂ ਇਸਨੂੰ ਆਪਣੇ ਜੀਵਨ ਵਿੱਚ ਮਹਾਨ ਬਣਾਉਂਦੇ ਹੋ। ਤੁਸੀਂ ਅਜਿਹੀ ਜ਼ਿੰਦਗੀ ਜੀਓ ਕਿ ਲੋਕ ਕਹਿ ਸਕਣ, "ਉੱਥੇ ਮਸੀਹ ਦਾ ਇੱਕ ਸੇਵਕ ਹੈ।" ਇਸ ਤਰ੍ਹਾਂ ਤੁਸੀਂ ਨਾਮ ਨੂੰ ਵਡਿਆਉਂਦੇ ਹੋ।

ਆਓ ਦੇਖੀਏ। ਔਹ, ਕੀ ਤੁਸੀਂ ਉਸਨੂੰ ਪਿਆਰ ਨਹੀਂ ਕਰਦੇ? ਔਹ, ਮੇਰੇ! ਹੁਣ ਸਾਡਾ ਛੋਟਾ ਜਿਹਾ ਗੀਤ:

ਬਹੁਤ ਪਹਿਲਾਂ ਇੱਕ ਖੁਰਲੀ ਵਿੱਚ, ਮੈਂ ਜਾਣਦਾ ਹਾਂ ਕਿ
ਇਹ ਅਸਲ ਵਿੱਚ ਅਜਿਹਾ ਹੈ,
ਇਕ ਬਾਲਕ ਪੈਦਾ ਹੋਇਆ ਤਾਂ ਜੋ ਮਨੁੱਖਾਂ ਨੂੰ ਉਨ੍ਹਾਂ ਦੇ
ਪਾਪਾਂ ਤੋਂ ਬਚਾ ਸਕੇ।
ਯੂਹੰਨਾ ਨੇ ਉਸਨੂੰ ਕੰਢੇ ਉੱਤੇ ਦੇਖਿਆ, ਇੱਕ ਲੇਲਾ ਜੋ
ਸਦਾ ਲਈ ਹੈ,

ਉਹ ਲੇਲਾ ਜਿਸ ਕੋਲ ਉਹ ਸੱਤ ਮੋਹਰਾਂ ਸਨ, ਸਵਰਗ ਅਤੇ ਧਰਤੀ ਵਿੱਚ ਸਿਰਫ਼ ਉਹੀ ਇਨ੍ਹਾਂ ਨੂੰ ਲੈਣ ਦੇ ਯੋਗ ਨਿਕਲਿਆ।

ਖੁਰਲੀ ਵਿੱਚ—ਬਹੁਤ ਸਮਾਂ ਪਹਿਲਾਂ ਇੱਕ ਖੁਰਲੀ
ਵਿੱਚ, ਮੈਨੂੰ ਪਤਾ ਹੈ ਕਿ ਇਹ ਸੱਚਮੁੱਚ ਅਜਿਹਾ ਹੈ,
ਇਕ ਬਾਲਕ ਪੈਦਾ ਹੋਇਆ ਤਾਂ ਜੋ ਮਨੁੱਖਾਂ ਨੂੰ ਉਨ੍ਹਾਂ ਦੇ
ਪਾਪਾਂ ਤੋਂ ਬਚਾ ਸਕੇ।
ਯੂਹੰਨਾ ਨੇ ਉਸਨੂੰ ਕੰਢੇ ਤੇ ਦੇਖਿਆ, ਜੋ ਸਦਾ ਲਈ ਲੇਲਾ
ਹੈ,
ਔਹ, ਪ੍ਰਭੂ ਦਾ ਨਾਮ ਮੁਬਾਰਕ ਹੋਵੇ।

ਔਹ, ਮੁਬਾਰਕ ਹੋਵੇ ਉਹ ਨਾਮ, ਔਹ, ਮੁਬਾਰਕ ਹੋਵੇ ਉਹ
ਨਾਮ,
ਪ੍ਰਭੂ ਦਾ ਨਾਮ ਮੁਬਾਰਕ ਹੋਵੇ;
ਮੁਬਾਰਕ ਹੋਵੇ ਉਹ ਨਾਮ, ਮੁਬਾਰਕ ਹੋਵੇ ਉਹ ਨਾਮ,
ਪ੍ਰਭੂ ਦਾ ਨਾਮ ਮੁਬਾਰਕ ਹੋਵੇ।

162 ਮੈਂ ਅਰਾਧਨਾ ਕਰਨੀ ਪਸੰਦ ਕਰਦਾ ਹਾਂ। ਕੀ ਤੁਸੀਂ ਨਹੀਂ ਕਰਦੇ? ਹੁਣ, ਅਸੀਂ ਕਲੀਸਿਯਾ ਵਿੱਚ ਸਿਰਫ਼ ਸੰਦੇਸ਼ ਸੁਣਨ ਲਈ ਨਹੀਂ ਆਉਂਦੇ; ਇਹ ਵੀ ਉਸੇ ਦੇ ਨਾਲ ਹੁੰਦਾ ਹੈ। ਪਰ ਅਸੀਂ ਕਲੀਸਿਯਾ ਵਿੱਚ ਅਰਾਧਨਾ ਕਰਨ ਲਈ ਆਉਂਦੇ ਹਾਂ, ਆਤਮਾ ਅਤੇ ਸੱਚਾਈ ਵਿੱਚ ਅਰਾਧਨਾ ਕਰਨ ਲਈ। ਤੁਸੀਂ ਸੱਚਾਈ ਨੂੰ ਸੁਣਿਆ ਹੈ, ਉਹ ਵਚਨ ਹੈ। ਸਮਝੇ? ਹੁਣ, ਅਰਾਧਨਾ ਕਰਨ, ਦਾ ਮਤਲਬ ਆਪਣੇ ਆਪ ਨੂੰ ਉਸ ਅੱਗੇ ਵਿਅਕਤ ਕਰਨਾ ਹੈ। ਸਮਝੇ?

ਔਹ, ਮੈਂ ਗਲੀਲ ਦੇ ਉਸ ਆਦਮੀ ਨੂੰ ਪਿਆਰ ਕਰਦਾ ਹਾਂ, ਓਸ ਤੇ ਸਾਨੂੰ ਇੱਕ ਛੋਟਾ ਜਿਹਾ ਸੁਰ ਦਿਓ। ਹਾਂ, ਸ਼੍ਰੀ ਮਾਨ। ਟੈਡੀ, ਕੀ ਤੈਨੂੰ ਇਹ ਆਉਂਦਾ ਹੈ? ਮੈਂ ਹੁਣ ਭੁੱਲ ਗਿਆ। ਚਲੋ ਦੇਖਦੇ ਹਾਂ। ਚਲੋ ਦੇਖਦੇ ਹਾਂ।

ਔਹ, ਮੈਂ ਗਲੀਲ ਦੇ ਉਸ ਆਦਮੀ ਨੂੰ ਪਿਆਰ ਕਰਦਾ ਹਾਂ, ਜੋ ਗਲੀਲ ਤੋਂ ਸੀ,
ਕਿਉਂਕਿ ਉਸਨੇ ਮੇਰੇ ਲਈ ਬਹੁਤ ਕੁਝ ਕੀਤਾ ਹੈ।
ਉਸਨੇ ਮੇਰੇ ਸਾਰੇ ਪਾਪ ਮਾਫ਼ ਕਰ ਦਿੱਤੇ ਹਨ, ਪਵਿੱਤਰ ਆਤਮਾ ਨੂੰ ਮੇਰੇ ਅੰਦਰ ਪਾਇਆ ਹੈ;
ਔਹ, ਮੈਂ ਪਿਆਰ ਕਰਦਾ ਹਾਂ, ਮੈਂ ਗਲੀਲ ਦੇ ਉਸ ਆਦਮੀ ਨੂੰ ਪਿਆਰ ਕਰਦਾ ਹਾਂ।

ਇੱਕ ਦਿਨ ਮਸੂਲੀਆ ਹੈਕਲ ਵਿੱਚ ਪ੍ਰਾਰਥਨਾ ਕਰਨ ਲਈ ਗਿਆ,
ਉਹ ਰੋਇਆ, "ਹੇ ਪ੍ਰਭੂ, ਮੇਰੇ ਉੱਤੇ ਦਯਾ ਕਰ!
ਉਸ ਦੇ ਹਰੇਕ ਪਾਪ ਨੂੰ ਮਾਫ਼ ਕਰ ਦਿੱਤਾ ਗਿਆ, ਅਤੇ ਉਸ ਦੇ ਅੰਦਰ ਇੱਕ ਡੂੰਘੀ ਸ਼ਾਂਤੀ ਰੱਖੀ ਗਈ;
ਉਸਨੇ ਕਿਹਾ, "ਆਓ, ਗਲੀਲ ਦੇ ਇਸ ਆਦਮੀ ਨੂੰ ਵੇਖੋ।"

ਔਹ, ਮੈਂ ਗਲੀਲ ਤੋਂ, ਗਲੀਲ ਤੋਂ ਉਸ ਆਦਮੀ ਨੂੰ ਪਿਆਰ ਕਰਦਾ ਹਾਂ,
ਕਿਉਂਕਿ ਉਸਨੇ ਮੇਰੇ ਲਈ ਬਹੁਤ ਕੁਝ ਕੀਤਾ ਹੈ।
ਉਸਨੇ ਮੇਰੇ ਸਾਰੇ ਪਾਪ ਮਾਫ਼ ਕਰ ਦਿੱਤੇ ਹਨ, ਪਵਿੱਤਰ ਆਤਮਾ ਨੂੰ ਮੇਰੇ ਅੰਦਰ ਰੱਖਿਆ ਹੈ;
ਔਹ, ਮੈਂ ਪਿਆਰ ਕਰਦਾ ਹਾਂ, ਮੈਂ ਗਲੀਲ ਦੇ ਉਸ ਆਦਮੀ ਨਾਲ ਪਿਆਰ ਕਰਦਾ ਹਾਂ।

ਲੰਗੜੇ ਤੋਰਨ ਲਾ ਦਿੱਤੇ, ਗੂੰਗੇ ਬੋਲਣ ਲੱਗ ਪਏ,
ਉਸ ਸਮਰੱਥ ਨੂੰ ਸਮੁੰਦਰ ਉੱਤੇ ਪ੍ਰੇਮ ਨਾਲ ਬੋਲਿਆ ਗਿਆ;
ਅੰਨ੍ਹੇ ਵੇਖਣ ਲੱਗੇ, ਮੈਂ ਜਾਣਦਾ ਹਾਂ ਕਿ ਇਹ ਸਿਰਫ
ਗਲੀਲ ਤੋਂ ਉਸ ਆਦਮੀ ਦੀ ਸ਼ਕਤੀ ਸੀ।

ਔਹ, ਮੈਂ ਗਲੀਲ ਤੋਂ ਉਸ ਆਦਮੀ ਨੂੰ, ਗਲੀਲੀ ਨੂੰ ਪਿਆਰ ਕਰਦਾ ਹਾਂ,
ਕਿਉਂਕਿ ਉਸਨੇ ਮੇਰੇ ਲਈ ਬਹੁਤ ਕੁਝ ਕੀਤਾ ਹੈ।
ਉਸਨੇ ਮੇਰੇ ਸਾਰੇ ਪਾਪ ਮਾਫ਼ ਕਰ ਦਿੱਤੇ ਹਨ, ਉਸ ਪਵਿੱਤਰ ਆਤਮਾ ਨੂੰ ਮੇਰੇ ਅੰਦਰ ਰੱਖਿਆ ਹੈ;

ਔਹ, ਮੈਂ ਪਿਆਰ ਕਰਦਾ ਹਾਂ, ਮੈਂ ਉਸ ਗਲੀਲੀ ਆਦਮੀ
ਨੂੰ ਪਿਆਰ ਕਰਦਾ ਹਾਂ।

ਇਹ ਵਾਲਾ ਸੁਣੋ:

ਖੂਹ ਤੇ ਉਸ ਔਰਤ ਨੂੰ, ਉਸਨੇ ਉਸਦੇ ਸਾਰੇ ਪਾਪ ਦੱਸ
ਦਿੱਤੇ,
ਉਸ ਵੇਲੇ ਉਸ ਦੇ ਪੰਜ ਪਤੀ ਸਨ। (ਇਹ ਉਹੀ ਸੀ)
ਉਸਦਾ ਹਰ ਪਾਪ ਮਾਫ਼ ਕਰ ਦਿੱਤਾ ਗਿਆ, ਅਤੇ ਉਸਦੇ
ਅੰਦਰ ਡੂੰਘੀ ਸ਼ਾਂਤੀ ਆ ਗਈ;
ਫਿਰ ਉਸ ਨੇ ਪੁਕਾਰਿਆ, "ਆਓ, ਉਸ ਗਲੀਲੀ
ਆਦਮੀ ਨੂੰ ਵੇਖੋ!"
ਔਹ, ਮੈਂ ਗਲੀਲ ਤੋਂ ਉਸ ਆਦਮੀ ਨੂੰ, ਉਸ ਗਲੀਲੀ ਨੂੰ
ਪਿਆਰ ਕਰਦਾ ਹਾਂ,
ਕਿਉਂਕਿ ਉਸਨੇ ਮੇਰੇ ਲਈ ਬਹੁਤ ਕੁਝ ਕੀਤਾ ਹੈ।
ਉਸਨੇ ਮੇਰੇ ਸਾਰੇ ਪਾਪ ਮਾਫ਼ ਕਰ ਦਿੱਤੇ ਹਨ, ਪਵਿੱਤਰ
ਆਤਮਾ ਮੇਰੇ ਅੰਦਰ ਰੱਖਿਆ ਹੈ।
ਔਹ, ਮੈਂ ਪਿਆਰ ਕਰਦਾ ਹਾਂ, ਮੈਂ ਉਸ ਗਲੀਲੀ ਆਦਮੀ
ਨੂੰ ਪਿਆਰ ਕਰਦਾ ਹਾਂ।

ਮੈਂ ਉਸ ਨੂੰ ਪਿਆਰ ਕਰਦਾ ਹਾਂ। ਕੀ ਤੁਸੀਂ ਨਹੀਂ ਕਰਦੇ? ਮੇਰਾ ਸਾਰਾ ਦਿਲ! ਕੀ ਤੁਸੀਂ ਨਹੀਂ ਕਰਦੇ? ਕੀ ਉਹ ਸ਼ਾਨਦਾਰ ਨਹੀਂ ਹੈ?

ਔਹ, ਸ਼ਾਨਦਾਰ, ਸ਼ਾਨਦਾਰ, ਯਿਸੂ ਮੇਰੇ ਲਈ ਹੈ, (ਉਹ
ਕੀ ਹੈ?)
ਸਲਾਹਕਾਰ, ਸ਼ਾਂਤੀ ਦਾ ਰਾਜਕੁਮਾਰ, ਉਹ ਸ਼ਕਤੀਸ਼ਾਲੀ
ਪਰਮੇਸ਼ੁਰ ਹੈ;
ਔਹ, ਮੈਨੂੰ ਬਚਾਉਂਦਾ ਹੈ, ਉਹ ਮੈਨੂੰ ਸਾਰੇ ਪਾਪ ਅਤੇ
ਸ਼ਰਮ ਤੋਂ ਬਚਾਉਂਦਾ ਹੈ,
ਮੇਰਾ ਮੁਕਤੀਦਾਤਾ ਸ਼ਾਨਦਾਰ ਹੈ, ਉਸਦੇ ਨਾਮ ਦੀ
ਉਸਤਤਿ ਕਰੋ!

ਆਓ ਹੁਣ ਆਪਣੇ ਸਿਰਾਂ ਨੂੰ ਝੁਕਾਈਏ ਅਤੇ ਇਸ ਬਾਰੇ ਸੋਚੀਏ।

ਮੈਂ ਇੱਕ ਵਾਰ ਗੁਆਚ ਗਿਆ ਸੀ, ਪਰ ਹੁਣ ਮੈਨੂੰ ਲੱਭ
ਲਿਆ ਗਿਆ ਹੈ, ਮੈਂ ਸਜਾ ਤੋਂ ਮੁਕਤ ਹਾਂ, (ਰਾਸ਼ਟਰ
ਟੁੱਟ ਰਹੇ ਹਨ; ਕੋਈ ਫ਼ਰਕ ਨਹੀਂ ਪੈਂਦਾ।)

ਯਿਸੂ ਆਜ਼ਾਦੀ ਅਤੇ ਸੰਪੂਰਣ ਮੁਕਤੀ ਦਿੰਦਾ ਹੈ;
ਉਹ ਮੈਨੂੰ ਬਚਾ ਰਿਹਾ ਹੈ, ਉਹ ਮੈਨੂੰ ਸਾਰੇ ਪਾਪਾਂ ਅਤੇ ਸ਼ਰਮ ਤੋਂ ਬਚਾ ਰਿਹਾ ਹੈ,
ਮੇਰਾ ਮੁਕਤੀਦਾਤਾ ਸ਼ਾਨਦਾਰ ਹੈ, ਉਸਦੇ ਨਾਮ ਦੀ ਉਸਤਤਿ ਕਰੋ!

ਔਹ, ਸ਼ਾਨਦਾਰ, ਸ਼ਾਨਦਾਰ, ਯਿਸੂ ਮੇਰੇ ਲਈ ਹੈ,
ਸਲਾਹਕਾਰ, ਸ਼ਾਂਤੀ ਦਾ ਰਾਜਕੁਮਾਰ, ਉਹ ਸ਼ਕਤੀਸ਼ਾਲੀ ਪਰਮੇਸ਼ੁਰ ਹੈ;
ਮੈਨੂੰ ਬਚਾਉਂਦਾ ਹੈ, ਮੈਨੂੰ ਸਾਰੇ ਪਾਪਾਂ ਅਤੇ ਸ਼ਰਮ ਤੋਂ ਬਚਾਉਂਦਾ ਹੈ,
ਮੇਰਾ ਮੁਕਤੀਦਾਤਾ ਸ਼ਾਨਦਾਰ ਹੈ, ਉਸਦੇ ਨਾਮ ਦੀ ਉਸਤਤਿ ਕਰੋ!

ਔਹ, ਇਸ ਬਾਰੇ ਸੋਚੋ!

ਮੈਂ ਇੱਕ ਵਾਰ ਗੁਆਚ ਗਿਆ ਸੀ, ਹੁਣ ਮੈਨੂੰ ਲੱਭ ਲਿਆ ਗਿਆ ਹੈ, ਮੈਂ ਸਜਾ ਤੋਂ ਮੁਕਤ ਹਾਂ,
ਯਿਸੂ ਆਜ਼ਾਦੀ ਅਤੇ ਸੰਪੂਰਣ ਮੁਕਤੀ ਦਿੰਦਾ ਹੈ;
ਮੈਨੂੰ ਬਚਾਉਂਦਾ ਹੈ, (ਉਹ ਕੀ ਕਰਦਾ ਹੈ?) ਮੈਨੂੰ ਸਾਰੇ ਪਾਪ ਅਤੇ ਸ਼ਰਮ ਤੋਂ ਬਚਾਉਂਦਾ ਹੈ, (ਇਸ ਤੋਂ ਉੱਪਰ ਸਵਾਰ ਹੋ ਕੇ।)
ਔਹ, ਮੇਰਾ ਮੁਕਤੀਦਾਤਾ ਸ਼ਾਨਦਾਰ ਹੈ, ਉਸਦੇ ਨਾਮ ਦੀ ਉਸਤਤ ਕਰੋ!

ਹੁਣ ਇਕੱਠੇ!

ਔਹ, ਸ਼ਾਨਦਾਰ, ਸ਼ਾਨਦਾਰ, ਯਿਸੂ ਮੇਰੇ ਲਈ ਹੈ,
ਸਲਾਹਕਾਰ, ਸ਼ਾਂਤੀ ਦਾ ਰਾਜਕੁਮਾਰ, ਉਹ ਸ਼ਕਤੀਸ਼ਾਲੀ ਪਰਮੇਸ਼ੁਰ ਹੈ;
ਕਿਉਂਕਿ, ਉਹ ਮੈਨੂੰ ਬਚਾਉਂਦਾ ਹੈ, ਮੈਨੂੰ ਸਾਰੇ ਪਾਪ ਅਤੇ ਸ਼ਰਮ ਤੋਂ ਬਚਾਉਂਦਾ ਹੈ,
ਮੇਰਾ ਮੁਕਤੀਦਾਤਾ ਸ਼ਾਨਦਾਰ ਹੈ, ਉਸਦੇ ਨਾਮ ਦੀ ਉਸਤਤਿ ਕਰੋ!

ਓ, ਮੈਂ ਯਿਸੂ ਨੂੰ ਕਿੰਨਾ ਪਿਆਰ ਕਰਦਾ ਹਾਂ, (ਮਹਿਮਾ!)
ਔਹ, ਮੈਂ ਕਿੰਨਾ ਪਿਆਰ ਕਰਦਾ ਹਾਂ...

ਬਹੁਤ ਖੁਸ਼ ਹਾਂ ਕਿ ਮੈਂ ਬਚਾ ਲਿਆ ਗਿਆ ਹਾਂ! ਇੰਨਾ ਖੁਸ਼ ਹਾਂ ਕਿ ਮੈਂ ਉਸਦੇ ਆਉਣ ਦੀ ਉਡੀਕ ਕਰ ਰਿਹਾ ਹਾਂ!

ਔਹ, ਮੈਂ ਯਿਸੂ ਨੂੰ ਕਿੰਨਾ ਪ੍ਰੇਮ ਕਰਦਾ ਹਾਂ,
ਕਿਉਂਕਿ ਉਸਨੇ ਪਹਿਲਾਂ ਮੈਨੂੰ ਪ੍ਰੇਮ ਕੀਤਾ ਸੀ।

ਹੁਣ ਆਪਣੇ ਹੱਥ ਉਠਾ ਕੇ, ਜੇ ਤੁਸੀਂ ਦਿਲੋਂ ਚਾਹੁੰਦੇ ਹੋ।

ਮੈਂ ਉਸਨੂੰ ਕਦੇ ਨਹੀਂ ਤਿਆਗਾਂਗਾ,
ਮੈਂ ਉਸਨੂੰ ਕਦੇ ਨਹੀਂ ਤਿਆਗਾਂਗਾ,
ਮੈਂ ਉਸਨੂੰ ਕਦੇ ਨਹੀਂ ਤਿਆਗਾਂਗਾ,
ਕਿਉਂਕਿ ਉਸਨੇ ਪਹਿਲਾਂ ਮੈਨੂੰ ਪ੍ਰੇਮ ਕੀਤਾ।

163 ਕੀ ਤੁਸੀਂ ਉਸਨੂੰ ਪਿਆਰ ਕਰਦੇ ਹੋ? [ਸੰਗਤ ਕਹਿੰਦੀ ਹੈ, "ਹਾਂ।"—ਸੰਪਾ.] ਫਿਰ ਤੁਹਾਨੂੰ ਇੱਕ ਦੂਜੇ ਨਾਲ ਪਿਆਰ ਕਰਨਾ ਪਵੇਗਾ। ਕਿਉਂਕਿ, ਜੇ ਤੁਸੀਂ ਉਨ੍ਹਾਂ ਨੂੰ ਪਿਆਰ ਨਹੀਂ ਕਰਦੇ ਜਿਨ੍ਹਾਂ ਨੂੰ ਤੁਸੀਂ ਇੱਥੇ ਦੇਖ ਸਕਦੇ ਹੋ, ਤਾਂ ਤੁਸੀਂ ਉਸ ਨੂੰ ਕਿਵੇਂ ਪਿਆਰ ਕਰ ਸਕਦੇ ਹੋ ਜਿਸ ਨੂੰ ਤੁਸੀਂ ਨਹੀਂ ਦੇਖਿਆ? ਆਓ ਇੱਕ ਦੂਜੇ ਨਾਲ ਹੱਥ ਮਿਲਾਈਏ, ਕਹੀਏ:

ਔਹ, ਮੈਂ ਯਿਸੂ ਨੂੰ ਕਿੰਨਾ ਪ੍ਰੇਮ ਕਰਦਾ ਹਾਂ,
ਔਹ, ਮੈਂ ਯਿਸੂ ਨੂੰ ਕਿੰਨਾ ਪ੍ਰੇਮ ਕਰਦਾ ਹਾਂ,
ਔਹ, ਮੈਂ ਯਿਸੂ ਨੂੰ ਕਿੰਨਾ ਪ੍ਰੇਮ ਕਰਦਾ ਹਾਂ,
ਕਿਉਂਕਿ ਉਸਨੇ ਪਹਿਲਾਂ ਮੈਨੂੰ ਪ੍ਰੇਮ ਕੀਤਾ ਸੀ।

ਮੈਂ ਕਦੇ ਨਹੀਂ...

ਹੁਣ ਆਪਣੇ ਹੱਥਾਂ ਨੂੰ ਉਸ ਦੇ ਲਈ ਉਠਾਓ। ਬੱਸ।

....ਤਿਆਗਾਂਗਾ ਉਸਨੂੰ,
ਮੈਂ ਉਸਨੂੰ ਕਦੇ ਨਹੀਂ ਤਿਆਗਾਂਗਾ,
ਮੈਂ ਉਸਨੂੰ ਕਦੇ ਨਹੀਂ ਤਿਆਗਾਂਗਾ,
ਕਿਉਂਕਿ ਉਸਨੇ ਪਹਿਲਾਂ ਮੈਨੂੰ ਪ੍ਰੇਮ ਕੀਤਾ ਸੀ।

164 ਜ਼ਰਾ ਸੋਚੋ, ਉਸਨੇ ਸਾਡੇ ਤੇ ਉਹ ਵੱਡਾ ਪ੍ਰਕਾਸ਼ਨ ਖੋਲ ਦਿੱਤਾ। ਕੀ ਅਸੀਂ ਉਸਨੂੰ ਪਿਆਰ ਨਹੀਂ ਕਰਦੇ? ਕੀ ਉਹ ਸ਼ਾਨਦਾਰ ਨਹੀਂ ਹੈ? ਅਸੀਂ ਆਪਣੇ ਪ੍ਰਭੂ ਯਿਸੂ ਲਈ ਕਿੰਨੇ ਧੰਨਵਾਦੀ ਹਾਂ; ਜੋ ਸਾਨੂੰ ਕਦੇ ਨਾ ਤਿਆਗਦਾ। "ਦੇਖੋ, ਮੈਂ ਹਮੇਸ਼ਾ ਤੁਹਾਡੇ ਨਾਲ ਹਾਂ, ਇੱਥੋਂ ਤੱਕ ਕਿ..." ਕੀ ਤੁਸੀਂ *ਦਾਨੀਏਲ ਦੇ ਸੱਤਰ ਸਾਤਿਆਂ* ਦਾ ਆਨੰਦ ਮਾਣ ਰਹੇ ਹੋ? [ਸਭਾ ਕਹਿੰਦੀ ਹੈ, "ਆਮੀਨ।"—ਸੰਪਾ.] ਓਹ, ਕੀ ਅਸੀਂ ਉਸਨੂੰ ਪਿਆਰ ਨਹੀਂ ਕਰਦੇ? ਇਹ ਕਿਵੇਂ ਹੁੰਦਾ ਹੈ?

ਮੇਰਾ ਵਿਸ਼ਵਾਸ ਤੇਰੇ ਵੱਲ ਦੇਖਦਾ ਹੈ,
ਤੂੰ ਜੋ ਕਲਵਰੀ ਦਾ ਲੇਲਾ ਹੈਂ,
ਮੁਕਤੀਦਾਤਾ...

ਬਸ ਆਪਣੇ ਦਿਲ ਤੋਂ, ਉਸਦੀ ਅਰਾਧਨਾ ਕਰੋ।

ਹੁਣ ਜਦੋਂ ਮੈਂ ਪ੍ਰਾਰਥਨਾ ਕਰਾਂ ਤਾਂ ਮੇਰੀ ਸੁਣ,
ਮੇਰੇ ਸਭ ਪਾਪ ਦੂਰ ਕਰ,
ਔਹ ਮੈਨੂੰ ਇਸ ਦਿਨ ਤੋਂ ਹੋ ਲੈਣ ਦੇ
ਪੂਰੀ ਤਰ੍ਹਾਂ ਤੇਰਾ!
ਜਦੋਂ ਮੈਂ ਜ਼ਿੰਦਗੀ ਦੀ ਹਨੇਰੇ ਗੁੰਝਲਦਾਰ ਰਾਹਾਂ ਵਿੱਚੋਂ ਲੰਘਦਾ ਹਾਂ, (ਅਸੀਂ ਸਾਰੇ ਅਜਿਹਾ ਕਰਦੇ ਹਾਂ।)
ਅਤੇ ਮੇਰੇ ਆਲੇ-ਦੁਆਲੇ ਸੋਗ ਫੈਲ ਗਿਆ ਹੈ, (ਹਾਂ, ਪ੍ਰਭੂ।)
ਬਸ ਤੂੰ ਮੇਰਾ ਮਾਰਗਦਰਸ਼ਕ ਬਣ; (ਮੈਨੂੰ ਇਸ ਵਿੱਚੋਂ ਲੰਘਾ, ਪ੍ਰਭੂ!)
ਓਹ, ਹਨੇਰੇ ਨੂੰ ਹੁਕਮ ਦੇਹ ਕਿ ਉਹ ਦਿਨ ਬਣ ਜਾਵੇ,
ਦੁੱਖ ਦੇ ਡਰ ਨੂੰ ਮਿਟਾ ਦੇ,
ਨਾ ਹੀ ਮੈਨੂੰ ਕਦੇ ਭਟਕਣ ਦੇ
ਤੈਥੋਂ ਦੂਰ।

[ਭਾਈ ਬ੍ਰਨਹਾਮ *ਮੇਰਾ ਵਿਸ਼ਵਾਸ ਤੇਰੀ ਵੱਲ ਵੇਖਦਾ ਹੈ ਗੁਣਗੁਣਾਉਂਦੇ ਹਨ*—ਸੰਪਾ.]

ਮੇਰੇ ਕਮਜ਼ੋਰ ਦਿਲ ਨੂੰ ਤਾਕਤ ਦੇ,
ਮੇਰੇ ਜੋਸ਼ ਨੂੰ ਭੜਕਾਅ ਦੇ;
ਹੁਕਮ ਕਰ ਕਿ ਹਨੇਰਾ ਦਿਨ ਵਿੱਚ ਬਦਲ ਜਾਵੇ,
ਮੇਰੇ ਸਾਰੇ ਡਰ ਮਿਟਾ ਦੇ,
ਔਹ ਮੈਨੂੰ ਅੱਜ ਦੇ ਦਿਨ ਤੋਂ
ਪੂਰੀ ਤਰ੍ਹਾਂ ਆਪਣਾ ਬਣਾ ਲੈ!

165 ਹੇ ਯਿਸੂ, ਅਸੀਂ ਦੇਖਦੇ ਹਾਂ ਕਿ ਅਸੀਂ ਕਿਸੇ ਚੀਜ਼ ਦੇ ਨੇੜੇ ਆ ਰਹੇ ਹਾਂ। ਯਸਾਯਾਹ ਨਬੀ ਨੇ ਇਸ ਬਾਰੇ ਬੋਲਿਆ ਸੀ; ਯਿਰਮਿਯਾਹ ਨੇ ਇਸ ਬਾਰੇ ਬੋਲਿਆ ਸੀ। ਦਾਨੀਏਲ ਨੇ ਪਿੱਛੇ ਮੁੜ ਕੇ ਦੇਖਿਆ ਅਤੇ ਵੇਖਿਆ ਕਿ ਉਨ੍ਹਾਂ ਨੇ ਕੀ ਕਿਹਾ ਸੀ। ਇਸ ਨੇ ਉਸਦੇ ਦਿਲ ਨੂੰ ਝੰਜੋੜ ਕੇ ਰੱਖ ਦਿੱਤਾ, ਅਤੇ ਉਸ—ਉਸ ਨੇ ਆਪਣਾ ਮੁੱਖ ਅਸਮਾਨ ਵੱਲ ਕਰ ਲਿਆ। ਉਸਨੇ ਤੱਪੜ ਪਹਿਣ ਕੇ

ਅਤੇ ਸੁਆਹ ਪਾ ਕੇ, ਵਰਤ ਰੱਖਿਆ। ਉਹ ਸੁਣਨਾ ਚਾਹੁੰਦਾ ਸੀ, ਤਾਂ ਜੋ ਉਹ ਲੋਕਾਂ ਨੂੰ ਚੇਤਾਵਨੀ ਦੇ ਸਕੇ।

166 ਪ੍ਰਭੂ, ਅਸੀਂ ਕਿਤਾਬਾਂ ਦੁਆਰਾ ਵੀ ਦੇਖਦੇ ਹਾਂ, ਤੁਹਾਡੀ ਕਿਤਾਬ, ਯਸਾਯਾਹ ਦੀ ਕਿਤਾਬ, ਯਿਰਮਿਯਾਹ ਦੀ ਕਿਤਾਬ, ਯਾਕੂਬ ਦੀ ਕਿਤਾਬ, ਯੂਹੰਨਾ, ਲੂਕਾ, ਮਰਕੁਸ, ਮੱਤੀ, ਪ੍ਰਕਾਸ਼ ਦੀ ਪੋਥੀ, ਤੁਹਾਡੀਆਂ ਸਾਰੀਆਂ ਕਿਤਾਬਾਂ, ਕਿ ਅਸੀਂ ਅੰਤ ਦੇ ਨੇੜੇ ਹਾਂ। ਅਤੇ ਅਸੀਂ ਆਪਣਾ ਮੂੰਹ ਸਵਰਗ ਵੱਲ ਕੀਤਾ ਹੈ, ਪ੍ਰਾਰਥਨਾ, ਬੇਨਤੀਆਂ ਵਿੱਚ, ਇਹ ਪਤਾ ਕਰਨ ਲਈ ਕਿ ਅਸੀਂ ਕਿੱਥੇ ਰਹਿ ਰਹੇ ਹਾਂ, ਪ੍ਰਭੂ। ਅਸੀਂ ਪਹੁ ਫੁੱਟਦੀ ਹੋਈ ਵੇਖ ਰਹੇ ਹਾਂ। ਅਤੇ, ਪ੍ਰਭੂ, ਅਸੀਂ ਤੁਹਾਡੇ ਕੋਲ ਆਉਂਦੇ ਹਾਂ। ਸਾਡਾ ਵਿਸ਼ਵਾਸ ਹੁਣ ਤੁਹਾਡੇ ਵੱਲ ਵੇਖਦਾ ਹੈ। ਹਰ ਭਾਰ, ਹਰ ਪਾਪ, ਹਰ ਛੋਟੇ ਤੋਂ ਛੋਟੇ ਅਵਿਸ਼ਵਾਸ ਨੂੰ ਪਾਸੇ ਰੱਖ ਕੇ ਜੋ ਸਾਨੂੰ ਇੰਨੀ ਆਸਾਨੀ ਨਾਲ ਫਸਾ ਲੈਂਦਾ ਹੈ, ਅਸੀਂ ਹੁਣ ਉੱਚੇ ਸੱਦੇ ਦੇ ਨਿਸ਼ਾਨ ਵੱਲ ਅੱਗੇ ਵਧ ਰਹੇ ਹਾਂ, ਇਹ ਜਾਣਦੇ ਹੋਏ ਕਿ ਸਾਡਾ ਸਮਾਂ ਸੀਮਿਤ ਹੈ।

167 ਇੱਥੇ ਇਨ੍ਹਾਂ ਲੋਕਾਂ ਨੂੰ ਆਸ਼ੀਸ ਦਿਓ, ਪ੍ਰਭੂ। ਉਹ ਤੈਨੂੰ ਪਿਆਰ ਕਰਦੇ ਹਨ। ਉਹ ਤੇਰੇ ਹੀ ਹਨ। ਉਹ ਬਾਹਰ ਆਏ ਹਨ। ਤੂੰ ਹੀ ਹੈਂ ਜੋ ਪਰਗਟ ਕਰ ਰਿਹਾ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਜਦੋਂ ਅਸੀਂ ਤੇਰੀ ਉਡੀਕ ਕਰਦੇ ਹਾਂ, ਤੂੰ ਸਾਨੂੰ ਇਹ ਸਭ ਕੁਝ ਬਖ਼ਸ਼ ਦੇਵੇਂਗਾ।

168 ਸਾਨੂੰ ਅਧਿਐਨ ਦੀ ਚੰਗੀ ਦੁਪਹਿਰ ਦਿਓ, ਪ੍ਰਭੂ। ਸਾਨੂੰ ਸਮਝ ਦਿਓ। ਸਾਨੂੰ ਅੱਜ ਰਾਤ ਫਿਰ ਤੋਂ ਤਾਜ਼ਾ ਕਰਕੇ, ਵਾਪਸ ਲਿਆਓ। ਪ੍ਰਭੂ, ਅੱਜ ਦੁਪਹਿਰ ਮੈਨੂੰ ਮਸਹ ਕਰੋ, ਔਹ, ਜਿਵੇਂ ਮੈਂ ਅਧਿਐਨ ਕਰ ਰਿਹਾ ਹਾਂ, ਪ੍ਰਭੂ, ਜਿਬਰਾਏਲ ਦੇ ਆਉਣ ਦਾ ਛੇ ਗੁਣਾ ਉਦੇਸ਼। ਜੇ ਜਿਬਰਾਏਲ ਮਿਲਣ ਲਈ ਆਉਂਦਾ ਹੈ ਅਤੇ ਛੇ ਪ੍ਰਕਾਰ ਦਾ ਅਰਥ ਦਿੰਦਾ ਹੈ ਤਾਂ, ਪ੍ਰਭੂ, ਸਾਨੂੰ ਇਹ ਜਾਣਨਾ ਚਾਹੀਦਾ ਹੈ। ਅਸੀਂ ਕਿਤਾਬਾਂ ਤੋਂ ਅਧਿਐਨ ਕਰਦੇ ਹਾਂ ਅਤੇ ਜਾਣਦੇ ਹਾਂ ਕਿ ਅਸੀਂ ਨੇੜੇ ਹਾਂ। ਇਸ ਲਈ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਅੱਜ ਰਾਤ ਸਾਨੂੰ ਇਹ ਪ੍ਰਗਟ ਕਰੋ।

169 ਅਗਲੇ ਐਤਵਾਰ, ਪ੍ਰਭੂ, ਹੇ ਪਰਮੇਸ਼ੁਰ, ਉਨ੍ਹਾਂ ਦਿਨਾਂ ਨੂੰ ਉੱਥੇ ਹੀ ਰੱਖ। ਮੈਨੂੰ ਨਹੀਂ ਪਤਾ ਕਿਵੇਂ, ਪਰ ਤੁਸੀਂ ਸਾਨੂੰ ਸਹੀ ਸਮੇਂ ਤੇ ਲਿਆ ਸਕਦੇ ਹੋ। ਇਸ ਨੂੰ ਬਖਸ਼ ਦਿਓ, ਪਿਤਾ। ਅਸੀਂ ਤੁਹਾਡੇ ਵੱਲ ਵੇਖ ਰਹੇ ਹਾਂ। ਅਸੀਂ ਇੱਕ ਦੂਜੇ ਨੂੰ ਪਿਆਰ ਕਰਦੇ ਹਾਂ ਅਤੇ ਪਰਮੇਸ਼ੁਰ ਦੇ ਪੁੱਤਰ ਯਿਸੂ ਮਸੀਹ ਦੇ ਲਹੂ ਨੇ, ਸਾਨੂੰ ਸਾਰੇ ਪਾਪਾਂ ਤੋਂ ਸ਼ੁੱਧ ਕੀਤਾ ਹੈ। ਅਸੀਂ ਹੁਣ ਤੈਨੂੰ ਉਡੀਕ ਰਹੇ ਹਾਂ। ਸਾਡੀ ਸਹਾਇਤਾ ਕਰੋ, ਪਿਤਾ, ਜਦ ਅਸੀਂ ਪ੍ਰਭੂ ਯਿਸੂ ਦੇ ਰਹਿਣ ਤੇਰੀ ਉਡੀਕ ਕਰ ਰਹੇ ਹਾਂ।

61-0730M ਦਾਨੀਏਲ ਨੂੰ ਜਿਬਰਾਏਲ ਦੀਆਂ ਹਿਦਾਇਤਾਂ
ਬ੍ਰਾਨਹਾਮ ਟੇਬਰਨੇਕਲ
ਜੈਫਰਸਨਵਿਲੇ, ਇੰਡੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2025 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org